# *Ring and Ride*

User Handbook

PUNJABI

# ਰਿੰਗ ਐਂਡ ਰਾਈਡ

## ਸੇਵਾ ਵਰਤਨ ਵਾਲਿਆਂ ਵਾਸਤੇ ਕਿਤਾਬ (ਹੈਂਡਬੁੱਕ)

ਵੁਲਵਰਹੈਂਪਟਨ ਵਾਲਸਾਲ ਬਰਮਿੰਘਮ ਡਡਲੀ

ਸੈਂਡਵੈੱਲ ਸੋਲਿਹੱਲ ਕਵੈਂਟਰੀ

ਵੈੱਸਟ ਮਿਡਲੈਂਡਜ਼ ਸਪੈਸ਼ਲ ਨੀਡਜ਼ ਟ੍ਰਾਂਸਪੋਰਟ

# ਵਿਸ਼ਾ ਸੂਚੀ


| ਵਿਸ਼ਾ | ਸਫ਼ਾ ਨੰ: |
|---|---|
| • ਜਾਣ ਪਛਾਣ | 2 |
| • ਰਿੰਗ ਐਂਡ ਰਾਈਡ ਕੀ ਹੈ? | 3 |
| • ਸਫ਼ਰ ਬੁੱਕ ਕਰਾਉਣਾ–ਫ਼ੋਨ ਕਰਨ ਲਈ ਨੰਬਰ ਅਤੇ ਸਮੇਂ | 5 |
| • ਕੀ ਅਸੀਂ ਰਿੰਗ ਐਂਡ ਰਾਈਡ ਸੇਵਾ ਵਰਤ ਸਕਦੇ ਹਾਂ? | 6 |
| • ਆਪਣਾ ਨਾਂ ਕਿਵੇਂ ਦਰਜ ਕਰਾਇਆ ਜਾਵੇ | 7 |
| • ਸਫ਼ਰ ਦੀ ਬੁਕਿੰਗ ਕਰਨਾ | 11 |
| • ਆਪਣੇ ਸਫ਼ਰ ਦਾ ਖ਼ਰਚ ਦੇਣਾ | 15 |
| • ਸਫ਼ਰ ਕਰਨ ਬਾਰੇ ਸਲਾਹ | 16 |
| • ਦੂਸਰੇ ਇਲਾਕਿਆਂ ਵਿੱਚ ਸਫ਼ਰ ਕਰਨਾ–ਕਰੌਸ ਬਾਊਂਡਰੀ | 18 |
| • ਯਾਤਰੀਆਂ ਦਾ ਬਚਾਓ – ਸਫ਼ਰ ਕਰਨ ਸਮੇਂ ਬਚਾਓ ਦੇ ਸਾਧਨ | 20 |
| • ਹੋਰ ਜਾਣਕਾਰੀ ਲੈਣਾ ਅਤੇ ਸੇਵਾ ਬਾਰੇ ਆਪਣੇ ਵਿਚਾਰ ਪੇਸ਼ ਕਰਨਾ | 23 |
| • ਰਿਆਇਤੀ ਪਾਸਾਂ ਬਾਰੇ ਜਾਣਕਾਰੀ | 28 |
| • ਹੋਰ ਜਾਣਕਾਰੀ | 29 |
| • ਚੈਰਿਟੀ ਦੇ ਕੰਮ ਦੀ ਮਸ਼ਹੂਰੀ ਕਰਨਾ | 30 |

*ਟ੍ਰਸਟੀ ਚੇਅਰ ਵੋਮੈਨ*
*ਰੈਨੀ ਸਪੈੱਕਟਰ ਐੱਮ ਬੀ ਈ ਵਲੋਂ ਸੁਨੇਹਾ*

**ਵੈੱਸਟ ਮਿਡਲੈਂਡਜ਼**
**ਸਪੈਸ਼ਲ ਨੀਡਜ਼ ਟ੍ਰਾਂਸਪੋਰਟ ਚੈਰਿਟੀ**

# ਜਾਣ ਪਛਾਣ

### "ਰਿੰਗ ਐਂਡ ਰਾਈਡ ਦੀ ਯੂਜ਼ਰ ਹੈਂਡਬੁੱਕ" ਲੈਣ ਲਈ ਤੁਹਾਡਾ ਧੰਨਵਾਦ ਹੈ।

1980ਵੇਂ ਦਹਾਕੇ ਦੇ ਮੱਧ ਵਿੱਚ ਜਦੋਂ ਤੋਂ ਵੈੱਸਟ ਮਿਡਲੈਂਡਜ਼ ਸਪੈਸ਼ਲ ਨੀਡਜ਼ ਟ੍ਰਾਂਸਪੋਰਟ ਚੈਰਿਟੀ ਸਥਾਪਤ ਕੀਤੀ ਗਈ ਸੀ, ਉਦੋਂ ਉਨ੍ਹਾਂ ਲੋਕਾਂ ਨੂੰ ਜਨਤਕ ਆਵਾਜਾਈ ਨੂੰ ਵਰਤਣ ਬਾਰੇ ਬਹੁਤੀ ਵਾਕਫ਼ੀ ਨਹੀਂ ਸੀ ਜਿਨ੍ਹਾਂ ਨੂੰ ਕਿਤੇ ਜਾਣ ਆਉਣ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਚੈਰਿਟੀ ਦੇ ਸਥਾਪਕਾਂ ਨੇ ਇਹ ਮਹਿਸੂਸ ਕੀਤਾ ਕਿ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਲਿਆਉਣ ਅਤੇ ਪਹੁੰਚਾਉਣ ਲਈ ਜਨਤਕ ਸੇਵਾ ਦੀ ਲੋੜ ਹੈ ਅਤੇ ਜਿਸ ਦੀ ਮੰਗ ਆਉਣ ਵਾਲੇ ਸਾਲਾਂ ਵਿੱਚ ਹੋਰ ਵੀ ਵੱਧ ਜਾਵੇਗੀ। ਹੁਣ ਵੈੱਸਟ ਮਿਡਲੈਂਡਜ਼ ਪੈਸੰਜਰ ਟ੍ਰਾਂਸਪੋਰਟ ਅਥੌਰਿਟੀ ਦੀ ਸਹਾਇਤਾ ਨਾਲ, ਵੈੱਸਟ ਮਿਡਲੈਂਡਜ਼ ਵਿੱਚ ਰਿੰਗ ਐਂਡ ਰਾਈਡ ਸੇਵਾ ਸਾਰੇ ਮੁਲਕ ਵਿੱਚ ਸਭ ਤੋਂ ਵੱਡੀ ਸੇਵਾ ਬਣ ਗਈ ਹੈ। ਪਰ ਹਾਲੇ ਵੀ ਬਹੁਤ ਕੁੱਝ ਕਰਨ ਵਾਲਾ ਹੈ। ਹਰ ਸਾਲ ਇਸ ਸੇਵਾ ਵਲੋਂ ਬੱਸਾਂ ਦੇ ਵੀਹ ਲੱਖ ਗੇੜੇ ਲਾਉਣ ਦੇ ਬਾਵਜੂਦ ਵੀ ਸਾਨੂੰ ਪਤਾ ਹੈ ਕਿ ਹਾਲੇ ਵੀ ਬਹੁਤ ਸਾਰੇ ਅਜਿਹੇ ਲੋਕ ਹਨ ਜਿਨ੍ਹਾਂ ਦੀਆਂ ਆਵਾਜਾਈ ਲੋੜਾਂ ਪੂਰੀਆਂ ਕਰਨ ਲਈ ਇਹ ਸੇਵਾ ਕਾਫ਼ੀ ਨਹੀਂ ਹੈ। ਇਸ ਤੋਂ ਇਲਾਵਾ ਬੁਢੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ, ਅਤੇ ਨੀਵੀਆਂ ਬੱਸਾਂ ਦੀ ਗਿਣਤੀ ਵਧਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਵਰਤਣ ਵਾਲੇ ਬਹੁਤ ਸਾਰੇ ਲੋਕ ਬੱਸ ਅੱਡਿਆਂ ਤੱਕ ਜਾਣ ਵਿੱਚ ਵੀ ਮੁਸ਼ਕਲ ਮਹਿਸੂਸ ਕਰਦੇ ਹਨ। ਚੈਰਿਟੀ ਇਸ ਸੇਵਾ ਨੂੰ ਵਧਾਉਂਦੇ ਰਹਿਣ ਲਈ, ਅਤੇ ਸਤੰਬਰ 2003 ਤੋਂ ਕਰੌਸ ਬਾਊਂਡਰੀ ਸਰਵਿਸ ਸ਼ੁਰੂ ਕਰਨ ਲਈ ਦ੍ਰਿੜ ਹੈ। ਇਸ ਹੈਂਡਬੁੱਕ ਨੂੰ ਤਿਆਰ ਕਰਨ ਦਾ ਮਕਸਦ ਤੁਹਾਨੂੰ ਇਹ ਸਮਝਾ ਕੇ ਇਸ ਸੇਵਾ ਤੋਂ ਵੱਧ ਤੋਂ ਵੱਧ ਫ਼ਾਇਦਾ ਉਠਾਉਣ ਵਿੱਚ ਸਹਾਇਤਾ ਕਰਨਾ ਹੈ ਕਿ ਇਹ ਕਿਵੇਂ ਕੰਮ ਕਰਦੀ ਹੈ ਅਤੇ ਇਸ ਸੇਵਾ ਅਧੀਨ ਤੁਹਾਨੂੰ ਕੀ ਕੁੱਝ ਮਿਲ ਸਕਦਾ ਹੈ। ਮੈਨੂੰ ਉਮੀਦ ਹੈ ਕਿ ਇਹ ਬੁੱਕ ਤੁਹਾਡੇ ਵਾਸਤੇ ਲਾਹੇਮੰਦ ਹੋਵੇਗੀ ਅਤੇ ਰਿੰਗ ਐਂਡ ਰਾਈਡ ਸਰਵਿਸ ਤੁਹਾਡੀ ਨਿੱਜੀ ਬਾਹਰ ਅੰਦਰ ਜਾਣ ਦੀ ਸਹੂਲਤ ਨੂੰ ਹੋਰ ਵਧੀਆ ਬਣਾਵੇਗੀ।

# ਰਿੰਗ ਐਂਡ ਰਾਈਡ ਕੀ ਹੈ?

ਇੱਧਰ ਉੱਧਰ ਜਾਣ ਆਉਣ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਆਪ ਕਿਤੇ ਆਉਣਾ ਜਾਣਾ ਕਾਫ਼ੀ ਮੁਸ਼ਕਲ ਹੋ ਜਾਂਦਾ ਹੈ। ਇਸ ਨਾਲ ਉਨ੍ਹਾਂ ਨੂੰ ਆਪਣੀ ਮਰਜ਼ੀ ਅਤੇ ਆਜ਼ਾਦੀ ਨਾਲ ਆਪਣੀ ਜ਼ਿੰਦਗੀ ਜਿਉਣ ਵਿੱਚ ਰੁਕਾਵਟ ਪੇਸ਼ ਆਉਂਦੀ ਹੈ।

ਇਸ ਮੁਸ਼ਕਲ ਨੂੰ ਮੁੱਖ ਰੱਖਦੇ ਹੋਏ ਰਿੰਗ ਐਂਡ ਰਾਈਡ ਤੁਹਾਡੇ ਦਰਵਾਜ਼ੇ ਤੋਂ ਲੈ ਕੇ ਤੁਹਾਡੇ ਪਹੁੰਚਣ ਵਾਲੀ ਥਾਂ ਦੇ ਦਰਵਾਜ਼ੇ ਤੱਕ ਬੱਸ ਸੇਵਾ ਪ੍ਰਦਾਨ ਕਰਦੀ ਹੈ, ਜਿਸ ਰਾਹੀਂ ਹਰ ਇਨਸਾਨ ਦੀਆਂ ਕਿਤੇ ਜਾਣ ਆਉਣ ਦੀਆਂ ਨਿੱਜੀ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ।

ਸਾਲ ਦੇ 365 ਦਿਨ ਸਵੇਰੇ 8 ਵਜੇ ਤੋਂ ਲੈ ਕੇ ਰਾਤ 11 ਵਜੇ ਤੱਕ ਸੇਵਾ ਦੇਣ ਲਈ ਹਾਜ਼ਰ ਰਹਿਣ ਦਾ ਮਤਲਬ ਹੈ ਕਿ ਇਸ ਰਾਹੀਂ ਲੋਕਾਂ ਨੂੰ ਕਿਤੇ ਜਾਣ ਆਉਣ ਵਿੱਚ ਹੋਰ ਵੀ ਮਰਜ਼ੀ ਅਨੁਸਾਰ ਚੋਣ ਕਰਨ ਦਾ ਮੌਕਾ ਮਿਲਦਾ ਹੈ ਕਿ ਉਹ ਕਦੋਂ ਸਫ਼ਰ ਕਰਨਾ ਚਾਹੁੰਦੇ ਹਨ।

ਅਸੀਂ ਵੈੱਸਟ ਮਿਡਲੈਂਡਜ਼ ਵਿੱਚ ਹਰ ਸਾਲ ਤਕਰੀਬਨ ਦੋ ਮਿਲੀਅਨ ਲੋਕਾਂ ਨੂੰ ਸਫ਼ਰ ਉੱਤੇ ਲੈ ਕੇ ਜਾਂਦੇ ਹਾਂ ਜਿਸ ਤੋਂ ਪਤਾ ਲੱਗਦਾ ਹੈ ਕਿ ਸਾਡੀ ਸੇਵਾ ਦੀ ਕਿੰਨੀ ਲੋੜ ਹੈ, ਅਤੇ ਇਹ ਲੋੜ ਕਿਸ ਤਰ੍ਹਾਂ ਲਗਾਤਾਰ ਵੱਧਦੀ ਜਾ ਰਹੀ ਹੈ। ਸਾਡੇ ਕੋਲ ਸੀਮਤ ਵਸੀਲੇ ਹੋਣ ਕਾਰਨ ਇਹ ਸੇਵਾ ਮੰਗ ਕਰਨ ਉੱਤੇ ਹਰ ਮੌਕੇ ਤਾਂ ਨਹੀਂ ਦਿੱਤੀ ਜਾ ਸਕਦੀ, ਪਰ ਜੇ ਤੁਸੀਂ ਆਪਣੀ ਮੰਗ ਵਿੱਚ ਕਿਸੇ ਹੱਦ ਤੱਕ ਸਾਨੂੰ ਢਿੱਲ ਦੇ ਸਕੋਂ ਤਾਂ ਤੁਹਾਡੇ ਸਫ਼ਰ ਦਾ ਪ੍ਰਬੰਧ ਕਰਨ ਦੇ ਆਸਾਰ ਹੋਰ ਵਧ ਸਕਦੇ ਹਨ।

ਇਸ ਸੇਵਾ ਦਾ ਨਿਸ਼ਾਨਾ ਸਥਾਨਕ ਇਲਾਕਿਆਂ ਵਿੱਚ ਤੁਹਾਨੂੰ ਸੇਵਾ ਦੇਣ ਦੇ ਨਾਲ ਨਾਲ ਅੱਧਾ ਮੀਲ ਤੱਕ ਇਸ ਇਲਾਕੇ ਦੁਆਲੇ ਗਵਾਂਢੀ ਇਲਾਕਿਆਂ ਵਿੱਚ ਵੀ ਸੇਵਾ ਦੇਣਾ ਹੈ। ਇਸ ਤੋਂ ਵੀ ਅੱਗੇ "ਕ੍ਰੌਸ ਬਾਊਂਡਰੀ" ਸੇਵਾ ਰਾਹੀਂ ਰਿੰਗ ਐਂਡ ਰਾਈਡ ਬੱਸਾਂ ਤੁਹਾਨੂੰ ਦੂਸਰੀਆਂ ਆਵਾਜਾਈ ਸੇਵਾਵਾਂ ਨਾਲ ਵੀ ਜੋੜਦੀਆਂ ਹਨ ਜਿਸ ਵਿੱਚ ਸਥਾਨਕ ਰੇਲ ਸੇਵਾ ਅਤੇ ਮੈੱਟਰੋ ਵੀ ਸ਼ਾਮਲ ਹੁੰਦੀਆਂ ਹਨ। ਇਸ ਤਰ੍ਹਾਂ ਇਨ੍ਹਾਂ ਸੇਵਾਵਾਂ ਨੂੰ ਵਰਤਣ ਵਾਲੇ ਲੋਕ ਸਾਰੇ ਵੈੱਸਟ ਮਿਡਲੈਂਡਜ਼ ਵਿੱਚ ਸਫ਼ਰ ਕਰ ਸਕਦੇ ਹਨ।

## ਇਸ ਹੈਂਡਬੁੱਕ ਨੂੰ ਵਰਤਣਾ

*ਇਸ ਹੈਂਡਬੁੱਕ ਵਿੱਚ ਪੂਰੀ ਤਰ੍ਹਾਂ ਸਮਝਾਇਆ ਗਿਆ ਹੈ ਕਿ ਇਹ ਸੇਵਾ ਕਿਸ ਤਰ੍ਹਾਂ ਚਲਾਈ ਜਾਂਦੀ ਹੈ ਅਤੇ ਇਸ ਵਿੱਚ ਸੇਵਾ ਵਰਤਣ ਵਾਲਿਆਂ ਨੂੰ ਇਹ ਦੱਸਣ ਲਈ ਇੱਕੋ ਥਾਂ ਉੱਤੇ ਸਾਰੀ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਉਹ ਸੇਵਾ ਨੂੰ ਕਾਰਗਰ ਤਰੀਕੇ ਨਾਲ ਕਿਵੇਂ ਵਰਤ ਸਕਦੇ ਹਨ।*

# ਸਫ਼ਰ ਬੁੱਕ ਕਰਾਉਣਾ—ਫ਼ੋਨ ਕਰਨ ਲਈ ਨੰਬਰ ਅਤੇ ਸਮੇਂ

## ਤੁਹਾਡਾ ਰਜਿਸਟ੍ਰੇਸ਼ਨ ਨੰਬਰ:

| *ਤੁਸੀਂ ਕਦੋਂ ਫ਼ੋਨ ਕਰੋਂ* | *ਟੈਲੀਫ਼ੋਨ ਨੰਬਰ* | *ਸਮਿਆਂ ਵਿਚਕਾਰ* |
|---|---|---|
| ***ਦੋ ਦਿਨ*** ਪਹਿਲਾਂ ਬੁੱਕ ਕਰਨ ਲਈ | | |
| ***ਇੱਕ ਦਿਨ*** ਪਹਿਲਾਂ ਬੁੱਕ ਕਰਨ ਲਈ | | |
| ***ਉਸੇ ਦਿਨ*** ਬੁੱਕ ਕਰਨ ਲਈ | | |
| ਗਵਾਂਢੀ ਇਲਾਕਿਆਂ ਵਿੱਚ ਜਾਣ ਲਈ | | |
| ਬੁਕਿੰਗ ਕੈਂਸਲ ਕਰਨ ਲਈ | | |
| ਹੋਰ ਜਾਣਕਾਰੀ ਲਈ | | |
| ਫ਼ੈਕਸ ਕਰਨ ਲਈ | | |

ਵੈੱਬਸਾਈਟ ਅਡਰੈੱਸ www.ringandride.org

**ਤੁਹਾਡੀ ਮੱਦਦ ਕਰਨ ਲਈ ਸਾਡੀ ਸਹਾਇਤਾ ਵਾਸਤੇ ਕੁੱਝ ਨੁਕਤੇ**

- *ਜਦੋਂ ਵੀ ਹੋ ਸਕੇ ਹਮੇਸ਼ਾ* **ਦੋ ਦਿਨ** *ਪਹਿਲਾਂ ਬੁਕਿੰਗ ਕਰਾਉਣ ਦੀ ਕੋਸ਼ਿਸ਼ ਕਰੋ।*
- *ਫ਼ੋਨ ਕਰਨ ਵੇਲੇ ਆਪਣਾ* **ਰਜਿਸਟ੍ਰੇਸ਼ਨ ਨੰਬਰ** *ਅਤੇ ਸਫ਼ਰ ਦਾ ਵੇਰਵਾ ਤਿਆਰ ਰੱਖੋ।*
- *ਕਿਰਪਾ ਕਰਕੇ ਆਪਣੇ ਸਫ਼ਰ ਵਿੱਚ ਜਿੰਨੀ ਹੋ ਸਕੇ ਤਬਦੀਲੀ ਕਰਨ ਲਈ ਤਿਆਰ ਰਹੋ।*
- *ਕਿਰਪਾ ਕਰਕੇ ਆਪਣੀ ਗੱਲਬਾਤ ਜਿੰਨੀ ਛੇਤੀ ਹੋ ਸਕੇ ਮੁਕਾਉਣ ਦੀ ਕੋਸ਼ਿਸ਼ ਕਰੋ ਤਾਂਕਿ ਦੂਸਰੇ ਲੋਕਾਂ ਨੂੰ ਵੀ ਸੇਵਾ ਹਾਸਲ ਕਰਨ ਦਾ ਮੌਕਾ ਮਿਲ ਸਕੇ।*

# ਕੀ ਅਸੀਂ ਰਿੰਗ ਐਂਡ ਰਾਈਡ ਸਹੂਲਤ ਵਰਤ ਸਕਦੇ ਹਾਂ?

## ਰਿੰਗ ਐਂਡ ਰਾਈਡ ਸਹੂਲਤ ਵਰਤਣ ਲਈ:

- ਤੁਹਾਨੂੰ ਕਿਤੇ ਆਉਣ ਜਾਣ ਲਈ ਆਮ ਪਬਲਿਕ ਟ੍ਰਾਂਸਪੋਰਟ ਵਰਤਣ ਵਿੱਚ ਕੋਈ ਮੁਸ਼ਕਲ ਪੇਸ਼ ਆਉਂਦੀ ਹੋਣੀ ਚਾਹੀਦੀ ਹੈ ਜਾਂ ਤੁਹਾਡੇ ਵਾਸਤੇ ਪਬਲਿਕ ਟ੍ਰਾਂਸਪੋਰਟ ਵਰਤਣੀ ਅਸੰਭਵ ਹੋਣੀ ਚਾਹੀਦੀ ਹੈ।

- ਤੁਹਾਨੂੰ ਵੈੱਸਟ ਮਿਡਲੈਂਡਜ਼ ਦੇ ਸੱਤ ਅਰਬਨ ਬੋਰੋਜ਼ ਵਿੱਚੋਂ ਇੱਕ ਦੇ ਰਿਹਾਇਸ਼ੀ ਹੋਣਾ ਚਾਹੀਦਾ ਹੈ ਜਿਹੜੇ ਕਿ:

  ਬਰਮਿੰਘਮ, ਕਵੈਂਟਰੀ, ਡਡਲੀ, ਸੈਂਡਵੈੱਲ, ਸੋਲਿਹੱਲ, ਵਾਲਸਾਲ ਅਤੇ ਵੂਲਵਰਹੈਂਪਟਨ ਹਨ।

- ਤੁਹਾਡੀ ਕੋਈ ਵੀ ਉਮਰ ਹੋਵੇ।

- ਤੁਹਾਨੂੰ ਆਪਣੇ ਬਾਰੇ ਕਿਤੇ ਆਉਣ ਜਾਣ ਦੀਆਂ ਮੁਸ਼ਕਲਾਂ ਸੰਬੰਧੀ ਇੱਕ ਫ਼ਾਰਮ ਭਰਨਾ ਪਵੇਗਾ।

- ਤੁਹਾਡੇ ਇਸ ਸੇਵਾ ਨੂੰ ਵਰਤਣ ਦੇ ਯੋਗ ਕਰਾਰ ਦੇਣ ਲਈ ਚੈਰਿਟੀ ਤੁਹਾਡੀ ਸਿਹਤ ਬਾਰੇ ਪਤਾ ਕਰਨ ਲਈ ਤੁਹਾਡੇ ਡਾਕਟਰ ਦੇ ਨੋਟ ਦੀ ਮੰਗ ਕਰ ਸਕਦੀ ਹੈ।

**ਕਿਰਪਾ ਕਰਕੇ ਨੋਟ ਕਰੋ:**
*ਕਿ ਸੋਲਿਹੱਲ ਅਤੇ ਕਵੈਂਟਰੀ ਵਿਚਕਾਰ ਇੱਕ ਇਲਾਕਾ ਹੈ ਜਿਸ ਨੂੰ 'ਮੈਰੀਡਨ ਗੈਪ' ਕਿਹਾ ਜਾਂਦਾ ਹੈ। ਇਸ ਇਲਾਕੇ ਵਿੱਚ ਰਿੰਗ ਐਂਡ ਰਾਈਡ ਸੇਵਾ ਨਹੀਂ ਮਿਲਦੀ। ਪਰ ਇੱਥੇ ਇੱਕ 'ਟੈਕਸੀ ਬੱਸ' ਸੇਵਾ ਉਪਲਬਧ ਹੈ ਜਿਹੜੀ ਰਿੰਗ ਐਂਡ ਰਾਈਡ ਸੇਵਾ ਵਰਗੀ ਹੀ ਹੈ।*

## ਆਪਣਾ ਨਾਂ ਕਿਵੇਂ ਦਰਜ ਕਰਾਇਆ ਜਾਵੇ?

**ਜੇ ਤੁਸੀਂ ਰਿੰਗ ਐਂਡ ਰਾਈਡ ਸੇਵਾ ਵਰਤਣ ਵਾਸਤੇ ਆਪਣਾ ਨਾਂ ਦਰਜ ਕਰਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਇਲਾਕੇ ਦੇ ਦਫ਼ਤਰ ਨਾਲ ਆਪ ਸੰਪਰਕ ਕਰੋਂ, ਜਾਂ ਕਿਸੇ ਹੋਰ ਇਨਸਾਨ ਨੂੰ ਕਹੋਂ ਕਿ ਉਹ ਤੁਹਾਡੇ ਵਾਸਤੇ ਦਫ਼ਤਰ ਨਾਲ ਸੰਪਰਕ ਕਰੇ।**

**ਦਫ਼ਤਰਾਂ ਦੇ ਟੈਲੀਫ਼ੋਨ ਨੰਬਰ ਹੇਠਾਂ ਦਿੱਤੇ ਗਏ ਹਨ:**

- **ਉੱਤਰੀ ਬਰਮਿੰਘਮ** – ਇਸ ਵਿੱਚ ਐਸਟਨ, ਅਰਡਿੰਗਟਨ, ਹੈਂਡਜ਼ਵਰਥ, ਕਾਸਲ ਵੇਲ, ਲੇਡੀਵੁੱਡ, ਪੈਰੀ ਬਾਰ, ਸਟਨ ਕੋਲਡਫ਼ੀਲਡ ਅਤੇ ਵਿਨਸਨ ਗਰੀਨ ਇਲਾਕੇ ਪੈਂਦੇ ਹਨ।

  ਟੈਲੀਫ਼ੋਨ: 0121 333 3108

- **ਦੱਖਣੀ ਬਰਮਿੰਘਮ** – ਇਸ ਵਿੱਚ ਬੋਰਨਵਿਲ, ਐਜਬਾਸਟਨ, ਹਾਰਬੋਰਨ, ਕਿੰਗਜ਼ ਨੌਰਟਨ, ਲੌਂਗਬਰਿਜ, ਨੌਰਥਫ਼ੀਲਡ, ਕੁਇੰਟਨ, ਯਾਰਡਲੀ ਆਦਿਕ ਇਲਾਕੇ ਪੈਂਦੇ ਹਨ।

  ਟੈਲੀਫ਼ੋਨ: 0121 486 2663

- **ਪੂਰਬੀ ਬਰਮਿੰਘਮ/ਸੋਲਿਹੱਲ** – ਇਸ ਵਿੱਚ ਐਲਮ ਰੌਂਕ, ਬੋਰਡਜ਼ਲੇ ਗਰੀਨ, ਕਾਸਲ ਬਰੌਮਵਿਚ, ਡੌਰਿਜ, ਨੋਲ, ਸ਼ਾਰਡ ਐਂਡ, ਸਮਾਲ ਹੀਥ, ਯਾਰਡਲੀ ਆਦਿਕ ਇਲਾਕੇ ਪੈਂਦੇ ਹਨ।

  ਟੈਲੀਫ਼ੋਨ: 0121 784 6644

# ਆਪਣਾ ਨਾਂ ਕਿਵੇਂ ਦਰਜ ਕਰਾਇਆ ਜਾਵੇ?

- **ਕਵੈਂਟਰੀ**

  ਟੈਲੀਫ਼ੋਨ: 02476 602177

- **ਡਡਲੀ**

  ਟੈਲੀਫ਼ੋਨ: 0121 567 3000

- **ਸੈਂਡਵੈੱਲ**

  ਟੈਲੀਫ਼ੋਨ: 0121 567 3000

- **ਸੋਲਿਹੱਲ**

  ਟੈਲੀਫ਼ੋਨ: 0121 784 6644

- **ਵਾਲਸਾਲ**

  ਟੈਲੀਫ਼ੋਨ: 01922 402232

- **ਵੁਲਵਰਹੈਂਪਟਨ**

  ਟੈਲੀਫ਼ੋਨ: 01902 421515

  ਉੱਚਾ ਸੁਣਨ ਵਾਲੇ ਲੋਕਾਂ ਲਈ ਮਿਨੀਕਮ ਸਹੂਲਤ
  (ਸਾਰੇ ਇਲਾਕਿਆਂ ਵਾਸਤੇ)
  ਟੈਲੀਫ਼ੋਨ: 0121 359 0593

**ਨਹੀਂ ਪਤਾ?**

*ਜੇ ਤੁਹਾਨੂੰ ਆਪਣੇ ਰਿਹਾਇਸ਼ੀ ਇਲਾਕੇ ਵਿੱਚ ਸੇਵਾ ਬਾਰੇ ਪੂਰੀ ਜਾਣਕਾਰੀ ਨਾ ਹੋਵੇ, ਤਾਂ ਸਾਡੇ ਹੈੱਡ ਔਫ਼ਿਸ ਨੂੰ 0121 333 3107 ਨੰਬਰ ਉੱਤੇ ਫ਼ੋਨ ਕਰੋ।*

# ਆਪਣਾ ਨਾਂ ਕਿਵੇਂ ਦਰਜ ਕਰਾਇਆ ਜਾਵੇ?

## • ਆਪਣਾ ਨਾਂ ਫ਼ੋਨ ਰਾਹੀਂ ਦਰਜ ਕਰਾਉਣਾ

ਜਦੋਂ ਤੁਸੀਂ ਆਪਣੇ ਸਥਾਨਕ ਦਫ਼ਤਰ ਨੂੰ ਫ਼ੋਨ ਕਰਦੇ ਹੋ ਤਾਂ ਤੁਹਾਨੂੰ ਪੁੱਛਿਆ ਜਾਵੇਗਾ ਕਿ ਆਮ ਬੱਸਾਂ ਉੱਤੇ ਚੜ੍ਹਨ ਵਿੱਚ ਤੁਹਾਨੂੰ ਕਿਹੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਅਤੇ ਤੁਹਾਨੂੰ ਬਾਹਰ ਜਾਣ ਵਿੱਚ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ (ਇਸ ਨਾਲ ਸਾਨੂੰ ਇਹ ਯਕੀਨੀ ਬਣਾਉਣ ਵਿੱਚ ਮੱਦਦ ਮਿਲਦੀ ਹੈ ਕਿ ਤੁਹਾਨੂੰ ਸਫ਼ਰ 'ਤੇ ਲਿਜਾਣ ਵਾਸਤੇ ਕਿਹੜੀ ਢੁਕਵੀਂ ਬੱਸ ਭੇਜੀ ਜਾਵੇ)।

ਇਸ ਤੋਂ ਇਲਾਵਾ ਤੁਹਾਡੇ ਨਾਂ ਅਤੇ ਪਤੇ ਦਾ ਵੇਰਵਾ ਪੁੱਛਿਆ ਜਾਵੇਗਾ, ਤੁਹਾਡੇ ਵਾਰਸ ਜਾਂ ਕਿਸੇ ਹੋਰ ਅਜਿਹੇ ਇਨਸਾਨ ਦਾ ਨਾਂ ਪੁੱਛਿਆ ਜਾਵੇਗਾ ਜਿਸ ਨਾਲ ਤੁਹਾਡੇ ਬੱਸ ਵਿੱਚ ਸਫ਼ਰ ਕਰਨ ਦੌਰਾਨ ਕੋਈ ਮੁਸ਼ਕਲ ਪੇਸ਼ ਆਉਣ ਵੇਲੇ ਸੰਪਰਕ ਕੀਤਾ ਜਾ ਸਕੇ।

**ਕੀ ਇਹ ਤੁਹਾਡਾ ਪਹਿਲਾ ਸਫ਼ਰ ਹੈ?**

*ਜਦੋਂ ਤੁਸੀਂ ਪਹਿਲੀ ਵਾਰ ਆਪਣਾ ਨਾਂ ਦਰਜ ਕਰਾਉਂਦੇ ਹੋ ਤਾਂ ਤੁਸੀਂ ਆਪਣਾ ਪਹਿਲਾ ਸਫ਼ਰ ਕਰਨ ਤੋਂ ਸੱਤ ਦਿਨ ਪਹਿਲਾਂ (ਆਮ ਕਰਕੇ ਦੋ ਦਿਨ ਪਹਿਲਾਂ ਕਰਾਉਣ ਦੇ ਮੁਕਾਬਲੇ) ਇਸ ਦੀ ਬੁਕਿੰਗ ਕਰਾ ਸਕਦੇ ਹੋ। ਸੋ ਕਿਤੇ ਜਾਣ ਬਾਰੇ ਪਹਿਲਾਂ ਹੀ ਮਨ ਵਿੱਚ ਰੱਖਣਾ ਕਾਫ਼ੀ ਫ਼ਾਇਦੇਮੰਦ ਹੋ ਸਕਦਾ ਹੈ।*

**ਕਿਰਪਾ ਕਰਕੇ ਨੋਟ ਕਰੋ**

*ਬੁਕਿੰਗ ਕਰਨ ਅਤੇ ਪ੍ਰੋਗਰਾਮ ਤਿਆਰ ਕਰਨ ਵਿੱਚ ਸਾਡੀ ਮੱਦਦ ਵਾਸਤੇ ਤੁਹਾਡੇ ਬਾਰੇ ਜਾਣਕਾਰੀ ਕੰਪਿਊਟਰ ਉੱਤੇ ਰੱਖੀ ਜਾਂਦੀ ਹੈ। ਸੇਵਾ ਵਰਤਣ ਵਾਲੇ ਕਿਸੇ ਵੀ ਵਿਅਕਤੀ ਬਾਰੇ ਜਾਣਕਾਰੀ, ਉਸ ਦੀ ਆਗਿਆ ਤੋਂ ਬਿਨਾ ਚੈਰਿਟੀ ਤੋਂ ਬਾਹਰ ਕਿਸੇ ਹੋਰ ਨੂੰ ਨਹੀਂ ਦਿੱਤੀ ਜਾਵੇਗੀ।*

# ਆਪਣਾ ਨਾਂ ਕਿਵੇਂ ਦਰਜ ਕਰਾਇਆ ਜਾਵੇ?

## ਤੁਹਾਡਾ ਨਾਂ ਦਰਜ ਹੋ ਜਾਣ ਤੋਂ ਬਾਅਦ ਤੁਹਾਡਾ ਸਥਾਨਕ ਦਫ਼ਤਰ ਤੁਹਾਨੂੰ ਇੱਕ ਪੈਕ ਭੇਜੇਗਾ ਜਿਸ ਵਿੱਚ ਇਹ ਚੀਜ਼ਾਂ ਸ਼ਾਮਲ ਹੋਣਗੀਆਂ:

- ਤੁਹਾਡਾ ਰਜਿਸਟ੍ਰੇਸ਼ਨ ਨੰਬਰ
- ਬੁਕਿੰਗ ਕਰਾਉਣ ਵਾਸਤੇ ਟੈਲੀਫ਼ੋਨ ਨੰਬਰ ਅਤੇ ਸਮੇਂ ਦਾ ਵੇਰਵਾ ਜਦੋਂ ਤੁਸੀਂ ਟੈਲੀਫ਼ੋਨ ਕਰ ਸਕਦੇ ਹੋ। (ਇਹ ਟੈਲੀਫ਼ੋਨ ਨੰਬਰ ਇੱਕ ਸਟਿੱਕਰ ਉੱਤੇ ਲਿਖਿਆ ਹੁੰਦਾ ਹੈ ਤਾਂਕਿ ਆਪਣੀ ਆਸਾਨੀ ਵਾਸਤੇ ਤੁਸੀਂ ਇਸ ਸਟਿੱਕਰ ਨੂੰ ਆਪਣੇ ਟੈਲੀਫ਼ੋਨ ਉੱਤੇ ਚਿਪਕਾ ਸਕੋਂ)।
- ਸੇਵਾ ਵਰਤਣ ਵਾਲਿਆਂ ਵਾਸਤੇ ਇੱਕ ਹੈਂਡਬੁੱਕ
- ਤੁਹਾਡੇ ਇਲਾਕੇ ਵਿੱਚ ਚੱਲ ਰਹੀਆਂ ਖ਼ਾਸ ਸੇਵਾਵਾਂ ਬਾਰੇ ਜਾਣਕਾਰੀ
- ਤੁਹਾਨੂੰ ਇੱਕ ਫ਼ਾਰਮ ਵੀ ਭੇਜਿਆ ਜਾਵੇਗਾ ਜਿਸ ਉੱਤੇ ਤੁਸੀਂ ਆਪਣੇ ਦਸਖ਼ਤ ਕਰ ਸਕਦੇ ਹੋ ਤਾਂ ਕਿ ਤੁਸੀਂ ਚੈਰਿਟੀ ਦੀ ਸੇਵਾ ਵਰਤਣ ਦੇ ਕਾਬਲ ਹੋ ਜਾਵੋਂ। ਤੁਹਾਡੇ ਨਸਲੀ ਪਿਛੋਕੜ ਬਾਰੇ ਜਾਣਕਾਰੀ ਲੈਣ ਵਾਸਤੇ ਵੀ ਇੱਕ ਫ਼ਾਰਮ ਭੇਜਿਆ ਜਾਵੇਗਾ।

  ਤੁਹਾਨੂੰ ਇੱਕ ਲਿਫ਼ਾਫ਼ਾ ਵੀ ਦਿੱਤਾ ਜਾਵੇਗਾ ਜਿਸ ਵਿੱਚ ਤੁਸੀਂ ਇਹ ਫ਼ਾਰਮ ਪਾ ਕੇ ਸਾਨੂੰ ਵਾਪਸ ਭੇਜ ਸਕਦੇ ਹੋ।

**ਸੇਵਾ ਵਰਤਣ ਵਾਲੇ ਨਵੇਂ ਲੋਕਾਂ ਵਾਸਤੇ**

*ਚੈਰਿਟੀ ਦੀ ਇਸ ਸੇਵਾ ਨੂੰ ਲਗਾਤਾਰ ਵਰਤਦੇ ਰਹਿਣ ਲਈ ਤੁਹਾਨੂੰ ਚਾਹੀਦਾ ਹੈ ਕਿ ਫ਼ਾਰਮ ਉੱਤੇ ਆਪਣੇ ਦਸਖ਼ਤ ਕਰਕੇ ਸਾਨੂੰ ਵਾਪਸ ਭੇਜ ਦਿਉਂ।*

*ਜਦੋਂ ਤੁਸੀਂ ਪਹਿਲੀ ਵਾਰੀ ਬੱਸ ਵਿੱਚ ਸਫ਼ਰ ਕਰਦੇ ਹੋ ਤਾਂ ਕਈ ਵਾਰੀ ਤੁਹਾਨੂੰ ਇਹ ਪੈਕ ਬੱਸ ਵਿੱਚ ਹੀ ਦੇ ਦਿੱਤਾ ਜਾਂਦਾ ਹੈ।*

*ਜੇ ਤੁਹਾਨੂੰ ਪੈਕ ਇਸ ਤਰ੍ਹਾਂ ਦਿੱਤਾ ਜਾਵੇ, ਅਤੇ ਸੇਵਾ ਵਰਤਣ ਸੰਬੰਧੀ ਤੁਹਾਡੇ ਮਨ ਵਿੱਚ ਕੋਈ ਸਵਾਲ ਹੋਵੇ ਤਾਂ ਕਿਰਪਾ ਕਰਕੇ ਡਰਾਈਵਰ ਨੂੰ ਪੁੱਛੋ।*

# ਸਫ਼ਰ ਦੀ ਬੁਕਿੰਗ ਕਰਨਾ

## ਸਫ਼ਰ ਕਦੋਂ ਅਤੇ ਕਿਵੇਂ ਬੁੱਕ ਕੀਤਾ ਜਾ ਸਕਦਾ ਹੈ?

- ਜਦੋਂ ਤੁਸੀਂ ਸਫ਼ਰ ਵਾਸਤੇ ਬੱਸ ਦੀ ਬੁਕਿੰਗ ਕਰਨੀ ਹੋਵੇ ਤਾਂ ਹੈਂਡਬੁੱਕ ਦੇ ਪੰਨਾ ਨੰਬਰ 5 ਉੱਤੇ ਦਿੱਤੇ ਗਏ ਟੈਲੀਫ਼ੋਨ ਨੰਬਰ 'ਤੇ ਦਿੱਤੇ ਗਏ ਸਮਿਆਂ ਦੌਰਾਨ ਫ਼ੋਨ ਕਰੋ।

- ਤੁਹਾਡਾ ਟੈਲੀਫ਼ੋਨ ਸਿੱਧਾ ਉਸ ਵਿਅਕਤੀ ਕੋਲ ਜਾਵੇਗਾ ਜਿਹੜਾ ਉਸ ਬੱਸ ਦਾ ਸਾਰਾ ਪ੍ਰਬੰਧ ਕਰਦਾ ਹੈ ਜਿਹੜੀ ਤੁਹਾਡੇ ਇਲਾਕੇ ਵਿੱਚੋਂ ਜਾਂਦੀ ਹੈ। ਉਸ ਵਿਅਕਤੀ (ਸ਼ੈਡਿਊਲਰ) ਨੂੰ ਆਪਣਾ ***ਰਜਿਸਟ੍ਰੇਸ਼ਨ ਨੰਬਰ***, ਤੁਸੀਂ ਕਿੱਥੇ ਜਾਣਾ ਚਾਹੁੰਦੇ ਹੋ ਅਤੇ ਕਦੋਂ ਜਾਣਾ ਚਾਹੁੰਦੇ ਹੋ ਬਾਰੇ ਸਾਰਾ ਵੇਰਵਾ ਦੱਸੋ। ਜੇ ਉਹ ਤੁਹਾਨੂੰ ਇਹ ਸੇਵਾ ਦੇ ਸਕਦੇ ਹੋਣ ਤਾਂ ਉਹ ਤੁਹਾਨੂੰ ਉਦੋਂ ਹੀ ਦੱਸ ਦੇਣਗੇ। ਪਰ ਜੇਕਰ ਤੁਹਾਡੇ ਪੂਰੇ ਸਫ਼ਰ ਦੇ ਇੱਕ ਜਾਂ ਇੱਕ ਤੋਂ ਵੱਧ ਹਿੱਸੇ ਦਾ ਪ੍ਰਬੰਧ ਉਦੋਂ ਨਾ ਕੀਤਾ ਜਾ ਸਕੇ ਤਾਂ ਉਹ ਤੁਹਾਨੂੰ ਕਿਸੇ ਹੋਰ ਮੌਕੇ ਦੀ ਸੇਵਾ ਪੇਸ਼ ਕਰਨਗੇ।

- ਜੇ ਬੁਕਿੰਗ ਲਾਈਨ ਬਿਜ਼ੀ ਹੋਵੇ ਤਾਂ ਟੈਲੀਫ਼ੋਨ ਰੱਖ ਦਿਓ ਅਤੇ ਫ਼ੇਰ ਜਲਦੀ ਹੀ ਮੁੜ ਕੇ ਡਾਇਲ ਕਰੋ। ਇਹ ਕੰਮ ਆਸਾਨੀ ਨਾਲ ਕਰਨ ਲਈ ਬਹੁਤੇ ਟੈਲੀਫ਼ੋਨਾਂ ਵਿੱਚ ਰੀ ਡਾਇਲ ਦਾ ਬਟਨ ਲੱਗਿਆ ਹੁੰਦਾ ਹੈ। ਜੇ ਪਹਿਲੀ ਵਾਰੀ ਤੁਹਾਡਾ ਟੈਲੀਫ਼ੋਨ ਨਹੀਂ ਲੱਗਦਾ ਤਾਂ ਬਾਰ ਬਾਰ ਕੋਸ਼ਿਸ਼ ਕਰਨ ਨਾਲ ਤੁਹਾਨੂੰ ਲਾਈਨ ਮਿਲ ਸਕਦੀ ਹੈ।

**ਕਿਰਪਾ ਕਰਕੇ ਨੋਟ ਕਰੋ ਕਿ:**

*ਸਾਡੀਆਂ ਬੁਕਿੰਗ ਲਾਈਨਾਂ ਉੱਤੇ ਬੀ ਟੀ ਦੀ ਰੀਕਾਲ (ਜਿੱਥੇ ਤੁਸੀਂ ਬਿਜ਼ੀ ਨੰਬਰ ਨੂੰ ਮੁੜ ਕੇ ਫ਼ੋਨ ਕਰਨ ਲਈ '5' ਦਬਾ ਸਕਦੇ ਹੋ) ਸਹੂਲਤ ਨਹੀਂ ਦਿੱਤੀ ਜਾਂਦੀ।*

**ਅਸੀਂ ਕਦੋਂ ਸਫ਼ਰ ਕਰ ਸਕਦੇ ਹਾਂ?**

*ਰਿੰਗ ਐਂਡ ਰਾਈਡ ਦੀ ਸੇਵਾ ਹਰ ਰੋਜ਼ ਸਵੇਰੇ ਅੱਠ ਵਜੇ ਤੋਂ ਲੈ ਕੇ ਰਾਤ ਗਿਆਰਾਂ ਵਜੇ ਤੱਕ ਵੈੱਸਟ ਮਿਡਲੈਂਡਜ਼ ਦੇ ਸਾਰੇ ਸ਼ਹਿਰੀ ਇਲਾਕਿਆਂ ਵਿੱਚ ਮਿਲ ਸਕਦੀ ਹੈ (ਕ੍ਰਿਸਮਸ ਦੇ ਦਿਨ ਇਹ ਸੇਵਾ ਸਿਰਫ਼ ਵੀਲਚੇਅਰ ਵਰਤਣ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਸਹਾਇਕਾਂ ਵਾਸਤੇ ਦਿੱਤੀ ਜਾਂਦੀ ਹੈ)।*

*ਕਿਰਪਾ ਕਰਕੇ ਨੋਟ ਕਰੋ ਕਿ ਕਿਸੇ ਦਿਨ ਵਿੱਚ ਬੱਸ ਦਾ ਪਹਿਲਾ ਅਤੇ ਆਖ਼ਰੀ ਗੇੜਾ ਇਸ ਗੱਲ ਨੂੰ ਧਿਆਨ ਵਿੱਚ ਰੱਖਕੇ ਮਿਥਿਆ ਜਾਂਦਾ ਹੈ ਕਿ ਉਸ ਤੋਂ ਪਹਿਲਾਂ ਜਾਂ ਬਾਅਦ ਬੱਸ ਨੂੰ ਡੀਪੂ ਤੋਂ ਆਉਣ ਅਤੇ ਡੀਪੂ ਤੱਕ ਪਹੁੰਚਣ ਲਈ ਲੋੜੀਂਦਾ ਸਮਾਂ ਮਿਲ ਸਕੇ।*

# ਸਫ਼ਰ ਦੀ ਬੁਕਿੰਗ ਕਰਨਾ

- ਜਿਸ ਇਲਾਕੇ ਵਿੱਚ ਤੁਹਾਡਾ ਨਾਂ ਦਰਜ ਕੀਤਾ ਗਿਆ ਹੋਵੇ, ਤੁਹਾਡੇ ਜਾਣ ਆਉਣ ਦਾ ਪ੍ਰਬੰਧ ਉਸ ਇਲਾਕੇ ਅਤੇ ਉਸ ਦੇ ਆਲੇ ਦੁਆਲੇ ਦੇ ਰਿੰਗ ਐਂਡ ਰਾਈਡ ਇਲਾਕਿਆਂ ਵਿੱਚ ਅੱਧੇ ਮੀਲ ਤੱਕ ਕੀਤਾ ਜਾ ਸਕਦਾ ਹੈ।

  ਇਹ ਸੇਵਾ ਵਰਤਣ ਵਾਲੇ ਬਹੁਤੇ ਲੋਕਾਂ ਨੂੰ ਦੋਨਾਂ ਪਾਸਿਆਂ ਦੀ ਸੇਵਾ ਲੈਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਇੱਕ ਪਾਸੇ ਦੇ ਸਫ਼ਰ ਲਈ ਉਨ੍ਹਾਂ ਨੂੰ ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਤੋਂ ਲਿਫ਼ਟ ਮਿਲ ਸਕਦੀ ਹੈ। ਇਸ ਲਈ ਜੇ ਜਾਣ/ਆਉਣ ਦੇ ਸਫ਼ਰ ਦਾ ਪ੍ਰਬੰਧ ਨਾ ਹੋ ਸਕੇ ਤਾਂ ਸ਼ੈਡਿਊਲਰ ਤੁਹਾਨੂੰ ਜਾਣ ਜਾਂ ਆਉਣ ਦੇ ਸਫ਼ਰ ਦੀ ਪੇਸ਼ਕਸ਼ ਕਰ ਸਕਦਾ ਹੈ।

- ਜੇ ਤੁਹਾਡੀ ਮੰਗ ਪੂਰੀ ਨਾ ਕੀਤੀ ਜਾ ਸਕੇ ਅਤੇ ਇਸ ਦਾ ਤਸੱਲੀਬਖਸ਼ ਬਦਲ ਨਾ ਪੇਸ਼ ਕੀਤਾ ਜਾ ਸਕੇ ਤਾਂ ਸ਼ੈਡਿਊਲਰ ਤੁਹਾਡਾ ਨਾਂ ਵੇਟਿੰਗ ਲਿਸਟ ਵਿੱਚ ਰੱਖ ਸਕਦਾ ਹੈ। ਫ਼ੇਰ ਜੇ ਬਾਅਦ ਵਿੱਚ ਕਿਸੇ ਹੋਰ ਪਾਸੋਂ ਸਫ਼ਰ ਕੈਂਸਲ ਕਰ ਦਿੱਤਾ ਗਿਆ ਹੋਵੇ ਅਤੇ ਉਹੀ ਸਫ਼ਰ ਤੁਹਾਡੇ ਵਾਸਤੇ ਢੁਕਵਾਂ ਹੋਵੇ ਤਾਂ ਉਹ ਤੁਹਾਡੇ ਨਾਲ ਸੰਪਰਕ ਕਰਕੇ ਤੁਹਾਨੂੰ ਦੱਸ ਸਕਦਾ ਹੈ ਕਿ ਤੁਹਾਡੇ ਵਾਸਤੇ ਸਫ਼ਰ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

- ਜੇ ਤੁਸੀਂ ਆਪਣਾ ਟਰਿੱਪ ਜਾਣ ਤੋਂ ਇੱਕ ਦਿਨ ਪਹਿਲਾਂ ਜਾਂ ਉਸੇ ਦਿਨ ਹੀ ਬੁੱਕ ਕਰਨਾ ਚਾਹੋਂ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਕਿਸੇ ਹੋਰ ਨੰਬਰ ਉੱਤੇ ਅਤੇ ਹੋਰ ਸਮੇਂ ਵਿੱਚ ਫ਼ੋਨ ਕਰਨਾ ਪਵੇ। ਇਸ ਦੇ ਵੇਰਵੇ ਲਈ ਪੰਨਾ 5 ਦੇਖੋ। ਬੱਸ ਦੇ ਪ੍ਰੋਗਰਾਮ ਚੈੱਕ ਕੀਤੇ ਜਾਣਗੇ ਅਤੇ ਤੁਹਾਨੂੰ ਦੱਸਿਆ ਜਾਵੇਗਾ ਕਿ ਤੁਹਾਡੀ ਮੰਗ ਪੂਰੀ ਕੀਤੀ ਜਾ ਸਕਦੀ ਹੈ ਕਿ ਨਹੀਂ।

## ਜੇ ਤੁਹਾਡੇ ਪਾਸ ਟੈਲੀਫ਼ੋਨ ਨਾ ਹੋਵੇ ਤਾਂ ਤੁਸੀਂ ਸਫ਼ਰ ਦੀ ਬੁੱਕਿੰਗ ਕਿਵੇਂ ਕਰ ਸਕਦੇ ਹੋ?

- **ਜੇ ਤੁਹਾਡੇ ਪਾਸ ਟੈਲੀਫ਼ੋਨ ਨਾ ਹੋਵੇ ਤਾਂ ਸਾਡੇ ਪਾਸ ਡਾਕ ਰਾਹੀਂ ਬੁਕਿੰਗ ਦਾ ਖ਼ਾਸ ਪ੍ਰਬੰਧ ਹੈ–ਇਸ ਵਾਸਤੇ ਜ਼ਰੂਰੀ ਫ਼ਾਰਮ ਸਥਾਨਕ ਦਫ਼ਤਰ ਤੋਂ ਲਏ ਜਾ ਸਕਦੇ ਹਨ।**

  ਜੇ ਤੁਹਾਨੂੰ ਸੁਣਨ ਵਿੱਚ ਕੋਈ ਮੁਸ਼ਕਲ ਆਉਂਦੀ ਹੋਵੇ ਅਤੇ ਤੁਸੀਂ ਟੈਲੀਫ਼ੋਨ ਨਾ ਵਰਤ ਸਕੋਂ ਤਾਂ ਸਾਡੇ ਨਾਲ ਸਾਡੀ ਮਿਨੀਕਮ ਲਾਈਨ ਦੇ ਨੰਬਰ 0121 359 0593 ਉੱਤੇ ਸੰਪਰਕ ਕਰੋ। ਅਸੀਂ ਤੁਹਾਨੂੰ ਦੱਸਾਂਗੇ ਕਿ ਤੁਸੀਂ ਆਪਣੇ ਸਫ਼ਰ ਦੀ ਬੁਕਿੰਗ ਕਿਵੇਂ ਕਰ ਸਕਦੇ ਹੋ।

**ਬਦਲਵੇਂ ਪ੍ਰਬੰਧ ਲਈ ਤਿਆਰ ਰਹਿਣਾ**

*ਅਜਿਹੇ ਰਿੰਗ ਐਂਡ ਰਾਈਡ ਸਫ਼ਰ ਦੀ ਕਿਉਂਕਿ ਕਾਫ਼ੀ ਮੰਗ ਹੈ, ਇਸ ਲਈ ਜੇ ਆਪਣੇ ਪ੍ਰੋਗਰਾਮ ਵਿੱਚ ਕੋਈ ਤਬਦੀਲੀ ਕਰਨ ਲਈ ਤਿਆਰ ਰਹੋਂ, ਤਾਂ ਤੁਹਾਡੇ ਲਈ ਬੁਕਿੰਗ ਕਰਨ ਦੇ ਆਸਾਰ ਵੱਧ ਸਕਦੇ ਹਨ।*

*ਜੇ ਤੁਹਾਨੂੰ ਕਿਸੇ ਖ਼ਾਸ ਮੌਕੇ ਉੱਤੇ ਸਫ਼ਰ ਕਰਨ ਦੀ ਲੋੜ ਨਾ ਹੋਵੇ ਤਾਂ ਤੁਸੀਂ ਆਪਣੇ ਸਫ਼ਰ ਦਾ ਸਾਰਾ ਵੇਰਵਾ ਸ਼ੈਡਿਊਲਰ ਨੂੰ ਦੇ ਦਿਓ ਅਤੇ ਉਸ ਨੂੰ ਪੁੱਛੋ ਕਿ ਤੁਹਾਡੀ ਮੰਗ ਕਿਸ ਹੱਦ ਤੱਕ ਪੂਰੀ ਕੀਤੀ ਜਾ ਸਕਦੀ ਹੈ–ਇਸ ਤਰ੍ਹਾਂ ਕਰਨ ਨਾਲ ਅਸੀਂ ਬਹੁਤੇ ਲੋਕਾਂ ਦੀ ਮੰਗ ਪੂਰੀ ਕਰ ਸਕਦੇ ਹਾਂ।*

# ਸਫ਼ਰ ਦੀ ਬੁਕਿੰਗ ਕਰਨਾ

## ਅਡਵਾਂਸ ਬੁਕਿੰਗ ਫ਼ਾਰਮ ਦੀ ਵਰਤੋਂ ਨਾਲ ਬੁਕਿੰਗ ਕਰਨਾ

- ਜੇ ਤੁਸੀਂ ਕਿਸੇ ਦਿਨ ਕਿਤੇ ਜਾਣ ਦਾ ਪ੍ਰਬੰਧ ਕਾਫ਼ੀ ਦੇਰ ਪਹਿਲਾਂ (ਜਿਵੇਂ ਕਿ ਸ਼ਾਇਦ ਤੁਸੀਂ ਕੋਈ ਸ਼ੋ ਜਾਂ ਪ੍ਰੋਗਰਾਮ ਦੇਖਣ ਲਈ ਟਿਕਟ ਲੈਣੇ ਹੋਣ ਪਰ ਅਜਿਹਾ ਕਰਨ ਤੋਂ ਪਹਿਲਾਂ ਤੁਸੀਂ ਯਕੀਨੀ ਬਣਾਉਣਾ ਚਾਹੁੰਦੇ ਹੋਵੋਂ ਕਿ ਤੁਹਾਡਾ ਉੱਥੇ ਪਹੁੰਚਣ ਦਾ ਪ੍ਰਬੰਧ ਹੋ ਗਿਆ ਹੈ) ਕਰਨਾ ਚਾਹੁੰਦੇ ਹੋਵੋ ਤਾਂ ਤੁਸੀਂ ਅਡਵਾਂਸ ਬੁਕਿੰਗ ਫ਼ਾਰਮਾਂ ਦੀ ਵਰਤੋਂ ਕਰ ਸਕਦੇ ਹੋ।
- ਜੇ ਤੁਹਾਡਾ ਨਾਂ ਸਾਡੇ ਪਾਸ ਦਰਜ ਹੋਣ ਤੋਂ ਬਾਅਦ ਤੁਹਾਨੂੰ ਇਹ ਹੈਂਡਬੁੱਕ ਮਿਲ ਗਈ ਹੋਵੇ ਤਾਂ ਤੁਹਾਨੂੰ ਇਸ ਨਾਲ ਕੁੱਝ ਫ਼ਾਰਮ ਵੀ ਮਿਲ ਜਾਣਗੇ।
- ਇਹ ਫ਼ਾਰਮ ਸੇਵਾ ਵਰਤਣ ਵਾਲੇ ਹਰ ਇਨਸਾਨ ਨੂੰ ਭੇਜੇ ਜਾਂਦੇ ਹਨ, ਅਤੇ ਉਸ ਤੋਂ ਬਾਅਦ ਸਾਲ ਵਿੱਚ ਦੋ ਵਾਰੀ ਹਰ ਰਿੰਗ ਐਂਡ ਰਾਈਡ ਨਿਊਜ਼ਲੈਟਰ ਨਾਲ ਵੀ ਭੇਜੇ ਜਾਂਦੇ ਹਨ।
- ਅਡਵਾਂਸ ਬੁਕਿੰਗ ਫ਼ਾਰਮ ਇੱਕ ਤਰਫ਼ਾ ਜਾਂ ਦੋਹਰੇ ਸਫ਼ਰ ਲਈ ਵਰਤੇ ਜਾ ਸਕਦੇ ਹਨ ਅਤੇ ਇਹ ਭਰ ਕੇ ਬੁਕਿੰਗ ਔਫ਼ਿਸ ਨੂੰ ਡਾਕ ਰਾਹੀਂ ਭੇਜੇ ਜਾ ਸਕਦੇ ਹਨ, ਜਿੱਥੇ ਤੁਹਾਡਾ ਸਫ਼ਰ ਬੁੱਕ ਕਰਨ ਲਈ ਤੁਹਾਨੂੰ ਪਹਿਲ ਦਿੱਤੀ ਜਾਵੇਗੀ। ਪਰ ਕਿਰਪਾ ਕਰਕੇ ਨੋਟ ਕਰੋ ਕਿ ਤੁਸੀਂ ਅਡਵਾਂਸ ਬੁਕਿੰਗ ਫ਼ਾਰਮ ਕਿਸੇ ਛੇ ਮਹੀਨੇ ਦੇ ਅਰਸੇ ਵਿੱਚ ਕੇਵਲ ਚਾਰ ਵਾਰ ਹੀ ਵਰਤ ਸਕਦੇ ਹੋ ਅਤੇ ਆਪਣਾ ਸਫ਼ਰ ਛੇ ਮਹੀਨੇ ਪਹਿਲਾਂ ਤੱਕ ਬੁੱਕ ਕਰਾ ਸਕਦੇ ਹੋ। ਆਮ ਤੌਰ 'ਤੇ ਜਦੋਂ ਸਾਡੇ ਕੋਲ ਤੁਹਾਡਾ ਫ਼ਾਰਮ ਪਹੁੰਚ ਜਾਂਦਾ ਹੈ ਤਾਂ ਅਸੀਂ ਤੁਹਾਡੇ ਸਫ਼ਰ ਦੀ ਬੁਕਿੰਗ ਕਰਦੇ ਹਾਂ, ਅਤੇ ਬੁਕਿੰਗ ਪੱਕੀ ਹੋ ਜਾਣ ਦੀ ਜਾਣਕਾਰੀ ਤੁਹਾਨੂੰ ਡਾਕ ਰਾਹੀਂ ਭੇਜ ਦਿੰਦੇ ਹਾਂ। ਪਰ ਜੇਕਰ ਦੂਸਰੇ ਲੋਕਾਂ ਨੇ ਆਪਣੇ ਅਡਵਾਂਸ ਬੁਕਿੰਗ ਫ਼ਾਰਮ ਵਰਤ ਲਏ ਹੋਣ ਅਤੇ ਤੁਹਾਡੀ ਮੰਗ ਪੂਰੀ ਨਾ ਕੀਤੀ ਜਾ ਸਕੇ ਤਾਂ ਸ਼ੈਡਿਊਲਰ ਤੁਹਾਡੇ ਨਾਲ ਸੰਪਰਕ ਕਰਕੇ ਤੁਹਾਨੂੰ ਬਦਲਵੇਂ ਪ੍ਰਬੰਧ ਪੇਸ਼ ਕਰਨ ਦੀ ਕੋਸ਼ਿਸ਼ ਕਰੇਗਾ।
- ਅਡਵਾਂਸ ਬੁਕਿੰਗ ਫ਼ਾਰਮ ਸਾਡੀ ਵੈੱਬਸਾਈਟ www.ringandride.org ਉੱਤੇ ਜਾ ਕੇ ਵੀ ਭਰੇ ਜਾ ਸਕਦੇ ਹਨ।

**ਟਰਿੱਪ ਕੈਂਸਲ ਕਰਨਾ**

*ਜੇ ਤੁਹਾਨੂੰ ਆਪਣਾ ਟਰਿੱਪ ਕੈਂਸਲ ਕਰਨਾ ਪਵੇ ਤਾਂ ਇਸ ਗੱਲ ਦਾ ਧਿਆਨ ਰੱਖੋ ਕਿ ਜਿੰਨੀ ਜਲਦੀ ਤੁਸੀਂ ਆਪਣਾ ਟਰਿੱਪ ਕੈਂਸਲ ਕਰਨ ਦਾ ਨੋਟਿਸ ਸਾਨੂੰ ਦਿਉਂ ਉਨੀ ਜਲਦੀ ਹੀ ਅਸੀਂ ਕਿਸੇ ਹੋਰ ਨੂੰ ਉਹੀ ਟਰਿੱਪ ਪੇਸ਼ ਕਰ ਸਕਦੇ ਹਾਂ।*

**ਕਿਰਪਾ ਕਰਕੇ ਨੋਟ ਕਰੋ**

*ਕਿ ਸੜਕਾਂ ਅਤੇ ਆਵਾਜਾਈ ਦੀਆਂ ਮੌਕੇ ਅਨੁਸਾਰ ਹਾਲਤਾਂ ਕਾਰਨ ਤੁਹਾਨੂੰ ਮਿਥੀ ਜਗ੍ਹਾ ਤੋਂ ਚੁੱਕਣ ਦੇ ਸਮੇਂ ਵਿੱਚ ਦਸ ਮਿੰਟਾਂ ਦਾ ਅੱਗਾ ਪਿੱਛਾ ਹੋ ਸਕਦਾ ਹੈ, ਇਸ ਲਈ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਦਿੱਤੇ ਹੋਏ ਸਮੇਂ ਤੋਂ ਦਸ ਮਿੰਟ ਪਹਿਲਾਂ ਤੋਂ ਲੈਕੇ ਦਸ ਮਿੰਟ ਬਾਅਦ ਤੱਕ ਚੁੱਕੇ ਜਾਣ ਦੀ ਉਡੀਕ ਰੱਖੋ।*

# ਸਫ਼ਰ ਦੀ ਬੁਕਿੰਗ ਕਰਨਾ

## ਹਰ ਮਨ ਪਿਆਰੀਆਂ ਥਾਵਾਂ ਉੱਤੇ ਜਾਣ ਲਈ ਬੁਕਿੰਗ ਕਰਾਉਣਾ

- ਆਪਣੇ ਇਲਾਕਿਆਂ ਵਿੱਚ ਅਸੀਂ ਕੁੱਝ ਅਜਿਹੀਆਂ ਸੇਵਾਵਾਂ ਵੀ ਚਲਾਉਂਦੇ ਹਾਂ ਜਿਹੜੀਆਂ ਹਰ ਮਨ ਪਿਆਰੀਆਂ ਥਾਵਾਂ, ਸ਼ੌਪਿੰਗ ਸੈਂਟਰਾਂ ਅਤੇ ਕਲੱਬਾਂ ਨੂੰ ਜਾਂਦੀਆਂ ਹਨ ਅਤੇ ਮਿਥੇ ਸਮਿਆਂ ਅਨੁਸਾਰ ਚੱਲਦੀਆਂ ਹਨ। ਇਨ੍ਹਾਂ ਉੱਤੇ ਆਪਣੇ ਸ਼ਫ਼ਰ ਬੁੱਕ ਕਰਾਉਣ ਦੇ ਵੱਖਰੇ ਪ੍ਰਬੰਧ ਹਨ ਜਿਹੜੇ ਜਾਣਕਾਰੀ ਪੈਕ ਵਿੱਚ ਤੁਹਾਨੂੰ ਆਪਣਾ ਨਾਂ ਦਰਜ ਕਰਾਉਣ ਵੇਲੇ ਦਿੱਤੇ ਜਾਣਗੇ। ਇਹ ਲਗਾਤਾਰ ਜਾਰੀ ਰਹਿਣ ਵਾਲੇ ਟਰਿੱਪ ਹੁੰਦੇ ਹਨ ਜਿਹੜੇ ਮਿਥੀਆਂ ਹੋਈਆਂ ਥਾਵਾਂ ਤੋਂ ਲੋਕਾਂ ਨੂੰ ਚੁੱਕ ਕੇ ਇਨ੍ਹਾਂ ਥਾਵਾਂ ਉੱਤੇ ਮਿਥੇ ਸਮੇਂ 'ਤੇ ਪਹੁੰਚਾਉਂਦੇ ਹਨ। ਇਸ ਬਾਰੇ ਹੋਰ ਜਾਣਕਾਰੀ ਲਈ ਪੁੱਛ ਗਿੱਛ ਲਾਈਨ ਉੱਤੇ ਫ਼ੋਨ ਕਰੋ।

**ਕਰਿਸਮਸ ਜਾਂ ਕਿਸੇ ਬੈਂਕਹੌਲੀਡੇ ਵਾਲੇ ਦਿਨ ਟਰਿੱਪ ਬੁੱਕ ਕਰਾਉਣਾ**

*ਰਿੰਗ ਐਂਡ ਰਾਈਡ ਸੇਵਾ ਸਾਲ ਦੇ ਹਰ ਦਿਨ ਚੱਲਦੀ ਹੈ ਜਿਨ੍ਹਾਂ ਵਿੱਚ ਕ੍ਰਿਸਮਸ ਡੇ ਵੀ ਸ਼ਾਮਲ ਹੁੰਦਾ ਹੈ ਜਦਕਿ ਬਾਕੀ ਵਪਾਰਕ ਬੱਸਾਂ ਅਤੇ ਰੇਲਾਂ ਇਸ ਤਰ੍ਹਾਂ ਨਹੀਂ ਚੱਲਦੀਆਂ। ਪਰ ਸਾਡੀ ਕ੍ਰਿਸਮਸ ਡੇ ਵਾਲੀ ਸੇਵਾ (ਜਿਹੜੀ ਕਿ ਸਾਡੇ ਸਟਾਫ਼ ਦੇ ਵਾਲੰਟੀਅਰਾਂ ਰਾਹੀਂ ਚਲਾਈ ਜਾਂਦੀ ਹੈ) ਸਿਰਫ਼ ਉਨ੍ਹਾਂ ਲੋਕਾਂ ਅਤੇ ਉਨ੍ਹਾਂ ਦੇ ਸਾਥੀਆਂ ਲਈ ਚਲਾਈ ਜਾਂਦੀ ਹੈ ਜਿਹੜੇ ਵੀਲਚੇਅਰ ਵਿੱਚ ਹੁੰਦੇ ਹਨ।*

*ਬੈਂਕ ਹੌਲੀਡੇ ਦੇ ਬਹੁਤੇ ਦਿਨਾਂ ਵਾਸਤੇ ਆਮ ਦੀ ਤਰ੍ਹਾਂ ਬੁਕਿੰਗ ਕੀਤੀ ਜਾਂਦੀ ਹੈ, ਪਰ ਕ੍ਰਿਸਮਸ ਅਤੇ ਨਵੇਂ ਸਾਲ ਦੇ ਦਿਨਾਂ ਦੌਰਾਨ ਖ਼ਾਸ ਪ੍ਰਬੰਧ ਕੀਤੇ ਜਾਂਦੇ ਹਨ, ਜਿਨ੍ਹਾਂ ਬਾਰੇ ਠੀਕ ਸਮੇਂ ਤੋਂ ਪਹਿਲਾਂ ਨੋਟਿਸ ਲਗਾਏ ਜਾਂਦੇ ਹਨ ਤਾਂਕਿ ਤੁਹਾਨੂੰ ਦੱਸਿਆ ਜਾ ਸਕੇ ਕਿ ਕੀ ਹੋ ਰਿਹਾ ਹੈ ਅਤੇ ਇਸ ਸਮੇਂ ਦੌਰਾਨ ਤੁਸੀਂ ਟਰਿੱਪ ਕਦੋਂ ਬੁੱਕ ਕਰਾ ਸਕਦੇ ਹੋ।*

# ਆਪਣੇ ਸਫ਼ਰ ਦਾ ਖ਼ਰਚ ਦੇਣਾ

## ਸਫ਼ਰ ਦਾ ਕਿਰਾਇਆ ਦੇਣਾ

- ਅਸੀਂ ਤੁਹਾਡੇ ਪੂਰੇ ਜਾਂ ਅਧੂਰੇ ਕਿਰਾਏ ਲਈ ਕਨਸੈਸ਼ਨਰੀ ਪਾਸ, ਸੈਂਟਰੋ ਕਾਰਡ ਅਤੇ ਬੱਸਮਾਸਟਰ ਕਾਰਡ (ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9.30 ਤੋਂ ਪਹਿਲਾਂ ਵੀ) ਲੈ ਲੈਂਦੇ ਹਾਂ।

- ਅੰਨ੍ਹੇ ਅਤੇ ਅਪਾਹਜ ਲੋਕਾਂ ਦੇ ਪਾਸ ਵੀ ਅੱਧੇ ਜਾਂ ਪੂਰੇ ਕਿਰਾਏ ਲਈ ਪਾਸ ਦੀ ਕਿਸਮ ਅਨੁਸਾਰ ਮਨਜ਼ੂਰ ਕਰ ਲਏ ਜਾਂਦੇ ਹਨ। ਜੇ ਤੁਹਾਡੇ ਕੋਲ ਕੋਈ ਪਾਸ ਨਾ ਹੋਵੇ ਤਾਂ ਤੁਹਾਡੇ ਪਾਸੋਂ ਲੋਕਲ ਬੱਸ ਜਿੰਨਾ ਕਿਰਾਇਆ ਲਿਆ ਜਾਵੇਗਾ ਜਿਹੜਾ ਮੀਲਾਂ ਦੇ ਹਿਸਾਬ ਨਾਲ ਗਿਣਿਆ ਜਾਵੇਗਾ। ਬਿਨਾ ਪਾਸ 5 ਸਾਲ ਤੋਂ ਉੱਪਰ ਦੇ ਬੱਚਿਆਂ ਤੋਂ ਅੱਧਾ ਕਿਰਾਇਆ ਲਿਆ ਜਾਂਦਾ ਹੈ।

- ਪਾਸ ਵਾਲੇ ਲੋਕਾਂ ਨੂੰ ਆਮ ਤੌਰ 'ਤੇ ਪਹਿਲੀ ਵਾਰੀ ਸਫ਼ਰ ਕਰਨ ਵੇਲੇ ਪਾਸ ਦਿਖਾਉਣ ਲਈ ਕਿਹਾ ਜਾਂਦਾ ਹੈ। ਉਦੋਂ ਤੁਹਾਡਾ ਵੇਰਵਾ ਕੰਪਿਊਟਰ ਵਿੱਚ ਪਾ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਆਮ ਤੌਰ 'ਤੇ ਤੁਹਾਨੂੰ ਦੁਬਾਰਾ ਪਾਸ ਦਿਖਾਉਣ ਲਈ ਨਹੀਂ ਕਿਹਾ ਜਾਂਦਾ। ਸਾਨੂੰ ਕੰਪਿਊਟਰ ਆਪਣੇ ਆਪ ਹੀ ਦੱਸ ਦਿੰਦਾ ਹੈ ਕਿ ਤੁਹਾਡਾ ਪਾਸ ਕਦੋਂ ਖ਼ਤਮ ਹੋ ਰਿਹਾ ਹੈ।

- ਆਪਣੇ ਵੇਰਵੇ ਬਾਰੇ ਜਾਣਕਾਰੀ ਤਾਜ਼ਾ ਰੱਖਣ ਲਈ ਤੁਹਾਨੂੰ ਆਪਣਾ ਨਵਾਂ ਪਾਸ ਦਿਖਾਉਣ ਲਈ ਕਿਹਾ ਜਾਵੇਗਾ। ਜੇ ਤੁਸੀਂ ਆਪਣਾ ਪਾਸ ਨਵਾਂ (ਰੀ ਨਿਊ) ਨਾ ਕਰਾਇਆ ਹੋਵੇ ਤਾਂ ਤੁਹਾਥੋਂ ਪੂਰਾ ਕਿਰਾਇਆ ਮੰਗਿਆ ਜਾਵੇਗਾ।

# ਸਫ਼ਰ ਕਰਨ ਬਾਰੇ ਸਲਾਹ

- ## ਕਿਸੇ ਨਾਲ ਸਫ਼ਰ ਕਰਨਾ

ਸੇਵਾ ਨੂੰ ਵਰਤਣ ਵਾਲੇ ਆਪਣੇ ਸਾਥ ਵਾਸਤੇ ਕਿਸੇ ਨੂੰ ਆਪਣੇ ਨਾਲ ਲਿਆ ਸਕਦੇ ਹਨ, ਬਸ਼ਰਤਿ ਕਿ ਉਨ੍ਹਾਂ ਦੀ ਵੀ ਪਹਿਲਾਂ ਬੁਕਿੰਗ ਕਰਵਾਈ ਗਈ ਹੋਵੇ।

ਤੁਹਾਡੇ ਸਾਥੀ ਆਪਣਾ ਕਿਰਾਇਆ ਦੇ ਸਕਦੇ ਹਨ ਜਾਂ ਆਪਣੇ ਪਾਸ ਨੂੰ ਪੂਰੇ ਜਾਂ ਅਧੂਰੇ ਕਿਰਾਏ ਲਈ ਵਰਤ ਸਕਦੇ ਹਨ। ਜੇ ਸੇਵਾ ਵਰਤਣ ਵਾਲਿਆਂ ਦੇ ਬੱਚਿਆਂ ਵਾਸਤੇ ਵੀ ਪਹਿਲਾਂ ਬੁਕਿੰਗ ਕਰਵਾਈ ਹੋਵੇ ਤਾਂ ਉਹ ਵੀ ਨਾਲ ਸਫ਼ਰ ਕਰ ਸਕਦੇ ਹਨ—ਜੇ ਬੱਚਿਆਂ ਕੋਲ ਪਾਸ ਨਾ ਹੋਣ ਤਾਂ ਆਮ ਤੌਰ 'ਤੇ ਉਨ੍ਹਾਂ ਕੋਲੋਂ ਅੱਧਾ ਕਿਰਾਇਆ ਲਿਆ ਜਾਂਦਾ ਹੈ।

- ## ਹਸਪਤਾਲ ਜਾਣਾ

ਤੁਸੀਂ ਆਪਣੀ ਹਸਪਤਾਲ ਦੀ ਕਿਸੇ ਅਪੌਆਇੰਟਮੈਂਟ ਲਈ ਨਹੀਂ ਬਲਕਿ ਕਿਸੇ ਹੋਰ ਕਾਰਨ ਹਸਪਤਾਲ ਜਾਣ ਲਈ ਰਿੰਗ ਐਂਡ ਰਾਈਡ ਸੇਵਾ ਬੁੱਕ ਕਰਵਾ ਸਕਦੇ ਹੋ। ਪਰ ਜੇ ਕਰ ਤੁਸੀਂ ਕਿਸੇ ਅਪੌਆਇੰਟਮੈਂਟ 'ਤੇ ਹਸਪਤਾਲ ਜਾਣਾ ਹੋਵੇ ਤਾਂ ਆਪਣੇ ਹਸਪਤਾਲ ਜਾਂ ਡਾਕਟਰ ਨਾਲ ਗੱਲ ਕਰੋ ਕਿ ਉਹ ਤੁਹਾਡੇ ਵਾਸਤੇ ਪੇਸ਼ੈਂਟ ਸਰਵਿਸ ਟ੍ਰਾਂਸਪੋਰਟ ਦਾ ਪ੍ਰਬੰਧ ਕਰਨ ਜਿਹੜੀ ਕਿ ਹਸਪਤਾਲ ਵਲੋਂ ਇਨ੍ਹਾਂ ਕੰਮਾਂ ਲਈ ਦਿੱਤੀ ਜਾਂਦੀ ਹੈ।

ਪਰ ਹਸਪਤਾਲ ਵਿੱਚ ਆਪਣੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਦੇਖਣ ਜਾਣ ਲਈ ਤੁਸੀਂ ਰਿੰਗ ਐਂਡ ਰਾਈਡ ਸੇਵਾ ਦੀ ਵਰਤੋਂ ਕਰ ਸਕਦੇ ਹੋ।

- ## ਡੇ ਸੈਂਟਰ

ਕਿਉਂਕਿ ਸਾਡੇ ਪਾਸ ਫ਼ੰਡਾਂ ਦੀ ਘਾਟ ਹੈ, ਇਸ ਲਈ ਤੁਹਾਡੇ ਵਾਸਤੇ ਡੇ ਸੈਂਟਰਾਂ ਵਿੱਚ ਜਾਣ ਲਈ ਅਸੀਂ ਇਹ ਸੇਵਾ ਨਹੀਂ ਦੇ ਸਕਦੇ। ਜੇ ਤੁਸੀਂ ਕਿਸੇ ਡੇ ਸੈਂਟਰ ਜਾਣਾ ਹੋਵੇ ਤਾਂ ਕਿਰਪਾ ਕਰਕੇ ਸੋਸ਼ਲ ਸਰਵਿਸਿਜ਼ ਵਰਗੇ ਮਹਿਕਮੇ ਤੋਂ ਪਤਾ ਕਰੋ। ਹੋ ਸਕਦਾ ਹੈ ਕਿ ਉਹ ਕੋਈ ਅਜਿਹੀ ਟ੍ਰਾਂਸਪੋਰਟ ਸਰਵਿਸ ਚਲਾਉਂਦੇ ਹੋਣ।

- ## ਟੈਕਸੀਬੱਸ

ਮੈਰੀਡਨ ਗੈਪ ਇਲਾਕੇ ਵਿੱਚ ਚਲਾਈ ਜਾਂਦੀ ਟੈਕਸੀਬੱਸ ਦੀ ਸੇਵਾ ਬੁੱਕ ਕਰਾਉਣ ਲਈ ਕਿਰਪਾ ਕਰਕੇ *0121 783 6869* ਨੰਬਰ 'ਤੇ ਫ਼ੋਨ ਕਰੋ।

# ਸਫ਼ਰ ਕਰਨ ਬਾਰੇ ਸਲਾਹ

- ## ਤੁਹਾਡੀਆਂ ਲੋੜਾਂ ਅਨੁਸਾਰ ਬਣਾਈਆਂ ਗਈਆਂ ਢੁਕਵੀਆਂ ਬੱਸਾਂ

ਸਾਡੀ ਚੈਰਿਟੀ ਰਾਹੀਂ ਤੁਹਾਡੀਆਂ ਲੋੜਾਂ ਅਨੁਸਾਰ ਖ਼ਾਸ ਤੌਰ 'ਤੇ ਤਿਆਰ ਕੀਤੀਆਂ ਗਈਆਂ ਬੱਸਾਂ ਚਲਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਲਿਫ਼ਟਾਂ ਜਾਂ ਰੈਂਪਾਂ ਲਗਾਈਆਂ ਹੁੰਦੀਆਂ ਹਨ ਤਾਂਕਿ ਵੀਲਚੇਅਰ ਵਾਲੇ ਲੋਕਾਂ ਅਤੇ ਪੌੜੀਆਂ ਨਾ ਚੜ੍ਹ ਸਕਣ ਵਾਲੇ ਲੋਕਾਂ ਨੂੰ ਬੱਸ ਵਿੱਚ ਚੜ੍ਹਨ ਲਈ ਸੌਖ ਹੋ ਸਕੇ। ਇਹ ਗੱਡੀਆਂ ਸੁਰੱਖਿਆ ਦੇ ਮੌਜੂਦਾ ਅਸੂਲਾਂ ਅਨੁਸਾਰ ਤਿਆਰ ਕੀਤੀਆਂ ਹੁੰਦੀਆਂ ਹਨ ਅਤੇ ਹਰ ਪੰਜ ਸਾਲ ਬਾਅਦ ਬਦਲ ਦਿੱਤੀਆਂ ਜਾਂਦੀਆਂ ਹਨ। ਬੱਸ ਦੀਆਂ ਸਾਰੀਆਂ ਸੀਟਾਂ ਉੱਤੇ ਲੱਤਾਂ ਅਤੇ ਮੋਢਿਆਂ ਉੱਪਰੋਂ ਵਰਤਣ ਲਈ ਸੀਟ ਬੈਲਟਾਂ ਲੱਗੀਆਂ ਹੁੰਦੀਆਂ ਹਨ। ਬੱਸ ਦੀ ਸਾਈਡ ਤੋਂ ਚੜ੍ਹਨ ਲਈ ਪੌਡੇ (ਜਾਂ ਪੌਡੇ ਜਿਹੜੇ ਅੰਦਰ ਬਾਹਰ ਕੱਢੇ/ਧੱਕੇ ਜਾ ਸਕਦੇ ਹਨ), ਵੀਲਚੇਅਰਾਂ ਅਤੇ ਉਨ੍ਹਾਂ ਨੂੰ ਵਰਤਣ ਵਾਲਿਆਂ ਵਾਸਤੇ ਸੁਰੱਖਿਅਤ ਰੱਖਣ ਲਈ ਪ੍ਰਬੰਧ, ਬੱਸਾਂ ਦੇ ਖੁਰਦਰੇ ਫ਼ਰਸ਼ ਅਤੇ ਡਿਗਣ ਤੋਂ ਬਚਣ ਲਈ ਹੈਂਡਰੇਲਾਂ ਲਗਾਈਆਂ ਜਾਂਦੀਆਂ ਹਨ।

- ## ਸੇਵਾ ਵਰਤਣ ਵਾਲਿਆਂ ਦਾ ਖਿਆਲ ਰੱਖਣਾ

ਸਾਡੇ ਸਾਰੇ ਡਰਾਈਵਰ ਅਤੇ ਬਾਕੀ ਸਟਾਫ਼ ਨੂੰ ਸਾਡੀਆਂ ਆਪਣੀਆਂ ਸਪੈਸ਼ਲ ਟਰੇਨਿੰਗ ਥਾਵਾਂ ਵਿੱਚ ਲਗਾਤਾਰ ਟਰੇਨਿੰਗ ਦਿੱਤੀ ਜਾਂਦੀ ਹੈ। ਸਾਡੇ ਸਟਾਫ਼ ਦੀ ਅਲੱਗ ਕਿਸਮ ਦੀ ਵਰਦੀ ਤੋਂ ਉਹ ਝੱਟ ਪਛਾਣੇ ਜਾਂਦੇ ਹਨ ਅਤੇ ਉਨ੍ਹਾਂ ਕੋਲ ਤਸਵੀਰਾਂ ਸਹਿਤ ਸ਼ਨਾਖਤੀ ਕਾਰਡ ਵੀ ਹੁੰਦੇ ਹਨ।




*ਸ਼ਨਾਖ਼ਤੀ ਕਾਰਡ ਦਾ ਨਮੂਨਾ*

- ## ਪਤਾ ਬਦਲਣਾ

ਜੇ ਤੁਸੀਂ ਆਪਣਾ ਪਤਾ ਬਦਲ ਲੈਂਦੇ ਹੋ ਜਾਂ ਕਿਸੇ ਹੋਰ ਇਲਾਕੇ ਵਿੱਚ ਜਾ ਰਹਿੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਦੱਸੋ ਤਾਂਕਿ ਕੰਪਿਊਟਰ ਉੱਤੇ ਤੁਹਾਡੇ ਬਾਰੇ ਜਾਣਕਾਰੀ ਬਦਲੀ ਜਾ ਸਕੇ। ਤੁਹਾਡੇ ਵਾਸਤੇ ਬੁਕਿੰਗ ਦੇ ਪ੍ਰਬੰਧਾਂ ਵਿੱਚ ਤਬਦੀਲੀ ਕਰਨ ਦੀ ਲੋੜ ਹੋ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਨਿਊਜ਼ਲੈਟਰ ਅਤੇ ਅਡਵਾਂਸ ਬੁਕਿੰਗ ਫ਼ਾਰਮ ਲਗਾਤਾਰ ਮਿਲਦੇ ਰਹਿਣਗੇ। ਸਿਰਫ਼ ਇਨਕੁਆਇਰੀ ਨੰਬਰ ਉੱਤੇ ਫ਼ੋਨ ਕਰੋ ਅਤੇ ਆਪਣਾ ਨਵਾਂ ਪਤਾ ਸਾਨੂੰ ਦੇ ਦਿਓ।

# ਦੂਸਰੇ ਇਲਾਕਿਆਂ ਵਿੱਚ ਸਫ਼ਰ ਕਰਨਾ – ਕਰੌਸ ਬਾਊਂਡਰੀ

## • ਆਪਣੇ ਇਲਾਕੇ ਤੋਂ ਬਾਹਰ ਜਾਣਾ

ਜਿੱਥੇ ਰਿੰਗ ਐਂਡ ਰਾਈਡ ਸੇਵਾ ਲੋਕਾਂ ਨੂੰ ਆਪਣੇ ਇਲਾਕੇ ਵਿੱਚ ਹੀ ਨੇੜੇ ਤੇੜੇ ਜਾਣ ਅਤੇ ਗਵਾਂਢੀ ਇਲਾਕਿਆਂ ਵਿੱਚ ਅੱਧੇ ਮੀਲ ਤੱਕ ਜਾਣ ਵਿੱਚ ਸਹਾਇਤਾ ਕਰਦੀ ਹੈ, ਉੱਥੇ ਉਹ ਇਸ ਗੱਲ ਨੂੰ ਵੀ ਚੰਗੀ ਤਰ੍ਹਾਂ ਸਮਝਦੀ ਹੈ ਕਿ ਕਈ ਵਾਰੀ ਲੋਕਾਂ ਨੂੰ ਇਸ ਤੋਂ ਦੂਰ ਦੁਰਾਡੇ ਵੀ ਜਾਣ ਦੀ ਲੋੜ ਹੋ ਸਕਦੀ ਹੈ, ਜਿੱਥੇ ਤੱਕ ਉਨ੍ਹਾਂ ਦੀ ਆਪਣੀ ਸੇਵਾ ਸ਼ਾਇਦ ਨਾ ਜਾਂਦੀ ਹੋਵੇ।

## • ਤੁਸੀਂ ਕਿੱਥੇ ਤੱਕ ਜਾ ਸਕਦੇ ਹੋ

ਇਸ ਬਾਰੇ ਇੱਕ ਕਰੌਸ ਬਾਊਂਡਰੀ ਸੇਵਾ ਚਲਾਈ ਜਾਂਦੀ ਹੈ ਜਿਹੜੀ ਲੋਕਾਂ ਨੂੰ ਉਨ੍ਹਾਂ ਦੇ ਗਵਾਂਢੀ ਇਲਾਕਿਆਂ ਵਿੱਚ ਅੱਧੇ ਮੀਲ ਤੋਂ ਵੱਧ ਦੂਰੀ ਤੱਕ ਨਾਲ ਦੇ ਇਲਾਕਿਆਂ ਵਿੱਚ ਕਿਤੇ ਵੀ ਲੈ ਜਾ ਸਕਦੀ ਹੈ।

ਜਿਵੇਂ ਕਿ ਜੇ ਤੁਸੀਂ ਵਾਲਸਾਲ ਵਿੱਚ ਰਹਿੰਦੇ ਹੋਵੋਂ ਤਾਂ ਕਰੌਸ ਬਾਊਂਡਰੀ ਸਰਵਿਸ ਤੁਹਾਨੂੰ ਵੁਲਵਰਹੈਂਪਟਨ, ਸੈਂਡਵੈੱਲ ਅਤੇ ਉੱਤਰੀ ਬਰਮਿੰਘਮ ਦੇ ਸਾਰੇ ਹਿੱਸਿਆਂ ਤੱਕ ਲੈ ਜਾ ਸਕਦੀ ਹੈ।

ਤੁਹਾਡੇ ਵਾਸਤੇ ਦੂਰ ਤੱਕ ਸਫ਼ਰ ਕਰਨ ਲਈ ਰਿੰਗ ਐਂਡ ਰਾਈਡ ਸੇਵਾ ਤੁਹਾਨੂੰ ਦੂਸਰੀਆਂ ਸੇਵਾਵਾਂ, ਜਿਵੇਂ ਕਿ ਸਥਾਨਕ ਰੇਲਾਂ, ਮੈੱਟਰੋ ਅਤੇ ਦੂਸਰੇ ਇਲਾਕਿਆਂ ਦੀਆਂ ਕਰੌਸ ਬਾਊਂਡਰੀ ਰਿੰਗ ਐਂਡ ਰਾਈਡ ਸੇਵਾਵਾਂ ਨਾਲ ਵੀ ਜੋੜ ਸਕਦੀ ਹੈ। ਇਸ ਨਾਲ ਤੁਹਾਨੂੰ ਵੈੱਸਟ ਮਿਡਲੈਂਡਜ਼ ਵਿੱਚ ਇੱਕ ਦਰਵਾਜ਼ੇ ਤੋਂ ਦੂਜੇ ਦਰਵਾਜ਼ੇ ਤੱਕ ਸੇਵਾ ਮਿਲ ਸਕਦੀ ਹੈ।

## • ਸਫ਼ਰ ਦੀ ਬੁਕਿੰਗ ਕਰਾਉਣਾ

ਅਜਿਹੀ ਬੁਕਿੰਗ ਕਰਾਉਣ ਲਈ ਇੱਕ ਵੱਖਰਾ ਤਰੀਕਾ ਵਰਤਿਆ ਜਾਂਦਾ ਹੈ ਜਿਸ ਵਿੱਚ:

- *ਸਫ਼ਰ ਕਰਨ ਤੋਂ ਆਮ ਦੋ ਦਿਨ ਪਹਿਲਾਂ ਦੀ ਥਾਂ 'ਤੇ ਤੁਹਾਨੂੰ ਤਿੰਨ ਦਿਨ ਪਹਿਲਾਂ ਬੁਕਿੰਗ ਕਰਾਉਣੀ ਪੈਂਦੀ ਹੈ।*
- *ਤੁਹਾਨੂੰ ਇੱਕ ਵੱਖਰੇ ਸਮੇਂ ਉੱਤੇ ਇੱਕ ਵੱਖਰੇ ਟੈਲੀਫ਼ੋਨ ਨੰਬਰ ਉੱਤੇ ਫ਼ੋਨ ਕਰਨਾ ਪੈਂਦਾ ਹੈ।*
- *ਤੁਸੀਂ ਇਸ ਸਮੇਂ ਅਤੇ ਟੈਲੀਫ਼ੋਨ ਨੰਬਰ ਬਾਰੇ ਜਾਣਕਾਰੀ ਹੈਂਡਬੁੱਕ ਦੇ ਪੰਨਾ ਨੰਬਰ 5 ਉੱਤੇ ਦੇਖ ਸਕਦੇ ਹੋ। ਇਸ ਤੋਂ ਇਲਾਵਾ ਤੁਹਾਨੂੰ ਇਸ ਵਿੱਚ ਵੈੱਸਟ ਮਿਡਲੈਂਡਜ਼ ਵਿੱਚ ਚੱਲਣ ਵਾਲੀਆਂ ਸਥਾਨਕ ਰੇਲਾਂ ਬਾਰੇ ਜਾਣਕਾਰੀ ਵੀ ਦਿੱਤੀ ਹੋਈ ਹੈ।*

# ਦੂਸਰੇ ਇਲਾਕਿਆਂ ਵਿੱਚ ਸਫ਼ਰ ਕਰਨਾ – ਕਰੌਸ ਬਾਊਂਡਰੀ

- ## ਕਰੌਸ ਬਾਊਂਡਰੀ ਅਡਵਾਂਸ ਬੁਕਿੰਗ ਫ਼ਾਰਮ

ਕਿਸੇ ਛੇ ਮਹੀਨੇ ਦੇ ਅਰਸੇ ਦੌਰਾਨ ਅਡਵਾਂਸ ਬੁਕਿੰਗ ਫ਼ਾਰਮਾਂ ਨਾਲ ਤਿੰਨ ਦਿਨ ਪਹਿਲਾਂ ਦੂਸਰੇ ਇਲਾਕਿਆਂ ਵਿੱਚ ਜਾਣ ਲਈ (ਕਰੌਸ ਬਾਊਂਡਰੀ ਟਰਿੱਪ) ਚਾਰ ਟਰਿੱਪਾਂ ਦੀ ਬੁਕਿੰਗ ਕਰਾ ਸਕਦੇ ਹੋ।

ਇਹ ਉਨ੍ਹਾਂ ਚਾਰ ਅਡਵਾਂਸ ਬੁਕਿੰਗ ਫ਼ਾਰਮਾਂ ਤੋਂ ਅਲੱਗ ਫ਼ਾਰਮ ਹਨ ਜਿਹੜੇ ਤੁਸੀਂ ਆਪਣੇ ਸਥਾਨਕ ਇਲਾਕੇ ਵਿੱਚ ਟਰਿੱਪਾਂ ਦੀ ਬੁਕਿੰਗ ਵਾਸਤੇ ਆਮ ਤੌਰ 'ਤੇ ਵਰਤਦੇ ਹੋ

(ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਫ਼ਾ ਨੰਬਰ 13 ਉੱਤੇ "ਅਡਵਾਂਸ ਬੁਕਿੰਗ ਫ਼ਾਰਮਾਂ" ਬਾਰੇ ਦਿੱਤੀ ਗਈ ਵਿਆਖਿਆ ਪੜ੍ਹੋ)।

ਜਿੱਥੇ ਵੀ ਸੰਭਵ ਹੋਵੇ ਤੁਹਾਡੀ ਬੇਨਤੀ ਮਨਜ਼ੂਰ ਕਰਨ ਬਾਰੇ ਤੁਹਾਨੂੰ ਜਲਦੀ ਹੀ ਦੱਸ ਦਿੱਤਾ ਜਾਂਦਾ ਹੈ। ਜਿੱਥੇ ਅਜਿਹਾ ਸੰਭਵ ਨਾ ਹੋਵੇ ਉੱਥੇ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ (ਆਮ ਤੌਰ 'ਤੇ ਅਗਲੇ ਦਿਨ) ਤਾਂਕਿ ਤੁਹਾਨੂੰ ਦੱਸਿਆ ਜਾ ਸਕੇ ਕਿ ਤੁਹਾਡੀ ਬੇਨਤੀ ਮਨਜ਼ੂਰ ਕੀਤੀ ਜਾ ਸਕਦੀ ਹੈ ਕਿ ਨਹੀਂ।

- ## ਤੁਹਾਨੂੰ ਕਿੰਨਾ ਕਿਰਾਇਆ ਦੇਣਾ ਪਵੇਗਾ

ਜੇ ਤੁਹਾਡੇ ਕੋਲ ਕੋਈ ਰਿਆਇਤੀ, ਸੀਨੀਅਰ ਸਿਟੀਜ਼ਨ ਜਾਂ ਬਲਾਈਂਡ/ਡਿਸੇਬਲਡ ਪਾਸ ਹੋਵੇ ਤਾਂ ਇਹ ਵੈੱਸਟ ਮਿਡਲੈਂਡਜ਼ ਵਿੱਚ ਕਿਤੇ ਵੀ ਵਰਤਿਆ ਜਾ ਸਕਦਾ ਹੈ, ਜਿਸ ਰਾਹੀਂ ਤੁਸੀਂ ਮੁਫ਼ਤ ਜਾਂ ਅੱਧੇ ਕਿਰਾਏ ਉੱਤੇ ਸਫ਼ਰ ਕਰ ਸਕਦੇ ਹੋ। ਜੇ ਤੁਹਾਡੇ ਕੋਲ ਰਿਆਇਤੀ ਪਾਸ ਨਾ ਹੋਵੇ ਤਾਂ ਤੁਹਾਡੇ ਸਫ਼ਰ ਦੇ ਹਰ ਹਿੱਸੇ ਦਾ ਉਸ ਦੀ ਦੂਰੀ ਅਨੁਸਾਰ ਕਿਰਾਇਆ ਲਿਆ ਜਾਵੇਗਾ।

# ਯਾਤਰੀਆਂ ਦਾ ਬਚਾਓ – ਸਫ਼ਰ ਕਰਨ ਸਮੇਂ ਬਚਾਓ ਦੇ ਸਾਧਨ

## • ਵੀਲਚੇਅਰ ਦਾ ਬਚਾਓ

ਕਿਉਂਕਿ ਕੋਈ ਵੀ ਅਜਿਹੀ ਇੱਕ ਕਿਸਮ ਦੀ ਵੀਲਚੇਅਰ ਨਹੀਂ ਮਿਲਦੀ, ਇਸ ਲਈ ਜਦੋਂ ਸਾਡੀਆਂ ਬੱਸਾਂ ਉੱਤੇ ਵੀਲਚੇਅਰਾਂ ਵਾਲੇ ਲੋਕ ਸਫ਼ਰ ਕਰਦੇ ਹਨ ਤਾਂ ਸਾਨੂੰ ਬੱਸਾਂ ਉੱਤੇ ਵੱਖੋ ਵੱਖਰੀਆਂ ਵੀਲਚੇਅਰਾਂ ਨੂੰ ਬਚਾ ਕੇ ਬੰਨ੍ਹਣ ਲਈ ਵੱਖੋ ਵੱਖਰੇ ਤਰੀਕੇ ਵਰਤਣੇ ਪੈਂਦੇ ਹਨ।

ਸੋ ਜਦੋਂ ਵੀ ਤੁਸੀਂ ਆਪਣੀ ਵੀਲਚੇਅਰ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਜ਼ਰੂਰ ਦੱਸੋ ਤਾਂਕਿ ਅਸੀਂ ਤੁਹਾਡੀ ਵੀਲਚੇਅਰ ਨੂੰ ਪੇਸ਼ ਆ ਸਕਣ ਵਾਲੇ ਖ਼ਤਰਿਆਂ ਦਾ ਜਾਇਜ਼ਾ ਲੈ ਸਕੀਏ। ਇਸ ਤਰੀਕੇ ਨਾਲ ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਸਾਨੂੰ ਪਹਿਲਾਂ ਹੀ ਪਤਾ ਹੋਵੇ ਕਿ ਤੁਹਾਡੇ ਸਫ਼ਰ ਕਰਨ ਸਮੇਂ ਸਾਨੂੰ ਬੱਸ ਵਿੱਚ ਕਿਹੜੇ ਪ੍ਰਬੰਧ ਕਰਨੇ ਪੈਣੇ ਹਨ ਤਾਂਕਿ ਤੁਹਾਡੀ ਵੀਲਚੇਅਰ ਸੁਰੱਖਿਅਤ ਤਰੀਕੇ ਨਾਲ ਬੰਨ੍ਹੀ ਜਾ ਸਕੇ।

ਢੁਕਵੇਂ ਪ੍ਰਬੰਧ ਕਰਨ ਲਈ ਇਨਕੁਆਇਰੀ ਨੰਬਰ ਉੱਤੇ ਫ਼ੋਨ ਕਰੋ।

ਅਜਿਹਾ ਜਾਇਜ਼ਾ ਕਿਸੇ ਨਵੇਂ ਵੀਲਚੇਅਰ ਵਰਤਣ ਵਾਲਿਆਂ ਵਾਸਤੇ ਵੀ ਉਦੋਂ ਲਾਇਆ ਜਾਂਦਾ ਹੈ ਜਦੋਂ ਉਹ ਪਹਿਲੀ ਵਾਰ ਸਾਡੇ ਕੋਲ ਆਪਣਾ ਨਾਂ ਦਰਜ ਕਰਾਉਂਦੇ ਹਨ।

ਜੇ ਤੁਹਾਡਾ ਵੀਲਚੇਅਰ ਲੈਣ ਦਾ ਖਿਆਲ ਹੋਵੇ ਜਿਹੜੀ ਤੁਸੀਂ ਸਫ਼ਰ ਵੇਲੇ ਵਰਤਣੀ ਚਾਹੁੰਦੇ ਹੋਵੋਂ ਤਾਂ ਤੁਸੀਂ ਸਾਡੀ ਸਲਾਹ ਲੈ ਸਕਦੇ ਹੋ। ਤੁਹਾਡੇ ਵਾਸਤੇ ਢੁਕਵੀਂ ਵੀਲਚੇਅਰ ਬਾਰੇ ਸਲਾਹ ਦੇਕੇ ਅਸੀਂ ਖੁਸ਼ੀ ਮਹਿਸੂਸ ਕਰਾਂਗੇ।

# ਯਾਤਰੀਆਂ ਦਾ ਬਚਾਓ – ਸਫ਼ਰ ਕਰਨ ਸਮੇਂ ਬਚਾਓ ਦੇ ਸਾਧਨ

## • ਸੀਟ ਬੈਲਟਾਂ ਲਾਉਣਾ ਅਤੇ ਵੀਲਚੇਅਰਾਂ ਨੂੰ ਬੰਨ੍ਹਣਾ

ਯਾਤਰੀਆਂ ਦੇ ਬਚਾਓ ਅਤੇ ਆਰਾਮ ਵਾਸਤੇ ਸਾਡੀਆਂ ਸਾਰੀਆਂ ਗੱਡੀਆਂ ਵਿੱਚ ਸੀਟ ਬੈਲਟਾਂ ਲਾਈਆਂ ਹੋਈਆਂ ਹਨ ਜਿਹੜੀਆਂ ਬੀਮੇ ਦੀਆਂ ਸਾਰੀਆਂ ਸ਼ਰਤਾਂ ਦੇ ਪਾਲਣ ਕਰਨ ਅਨੁਸਾਰ ਬਣਾਈਆਂ ਗਈਆਂ ਹਨ।

ਇਨ੍ਹਾਂ ਨੂੰ ਛੋਟੇ ਤੋਂ ਛੋਟੇ ਸਫ਼ਰ ਦੌਰਾਨ ਵੀ ਵਰਤਣਾ ਚਾਹੀਦਾ ਹੈ। ਵੀਲਚੇਅਰ ਵਰਤਣ ਵਾਲਿਆਂ ਨੂੰ ਨੋਟ ਕਰਨਾ ਚਾਹੀਦਾ ਹੈ ਕਿ ਸਾਡੇ ਡਰਾਈਵਰ ਹਰ ਇੱਕ ਤਰ੍ਹਾਂ ਦੀਆਂ ਵੀਲਚੇਅਰਾਂ ਨੂੰ ਬੱਸਾਂ ਵਿੱਚ ਚੰਗੀ ਤਰ੍ਹਾਂ ਬੰਨ੍ਹਣ ਲਈ ਟਰੇਂਡ ਕੀਤੇ ਹੁੰਦੇ ਹਨ। ਉਨ੍ਹਾਂ ਵਾਸਤੇ ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਵੀਲਚੇਅਰ ਨੂੰ ਚੰਗੀ ਤਰ੍ਹਾਂ ਬੰਨ੍ਹਿਆ ਜਾਵੇ ਅਤੇ ਵੀਲਚੇਅਰਾਂ ਵਾਲਿਆਂ ਵਾਸਤੇ ਲਾਈਆਂ ਗਈਆਂ ਖ਼ਾਸ ਸੀਟ ਬੈਲਟਾਂ ਦੀ ਹੀ ਵਰਤੋਂ ਕੀਤੀ ਜਾਵੇ।

ਜੇ ਤੁਹਾਡੇ ਨਾਲ ਕਿਸੇ ਬੱਚੇ ਨੇ ਵੀ ਸਫ਼ਰ ਕਰਨਾ ਹੋਵੇ ਤਾਂ ਕਿਰਪਾ ਕਰਕੇ ਸਾਡੀ ਇਨਕੁਆਇਰੀ ਲਾਈਨ ਉੱਤੇ ਟੈਲੀਫ਼ੋਨ ਕਰਕੇ ਸਾਨੂੰ ਦੱਸੋ – ਅਸੀਂ ਬੱਚੇ ਵਾਸਤੇ ਵੀ ਸੀਟ ਬੈਲਟ ਦਾ ਪ੍ਰਬੰਧ ਕਰ ਸਕਦੇ ਹਾਂ, ਪਰ ਇਸ ਦੀ ਸਦਾ ਗਰੰਟੀ ਨਹੀਂ ਦਿੱਤੀ ਜਾ ਸਕਦੀ।

ਜੇ ਤੁਹਾਨੂੰ ਡਾਕਟਰ ਨੇ ਸੀਟ ਬੈਲਟ ਲਾਉਣ ਤੋਂ ਛੋਟ ਦਿੱਤੀ ਹੋਈ ਹੋਵੇ ਤਾਂ ਕਿਰਪਾ ਕਰਕੇ ਸਾਨੂੰ ਦੱਸੋ।

## • ਗਾਹਕਾਂ ਨੂੰ ਬੱਸ ਵਿੱਚ ਚੜ੍ਹਾਉਣ ਅਤੇ ਲਾਹੁਣ ਦੀਆਂ ਥਾਵਾਂ

ਭਾਵੇਂ ਅਸੀਂ ਪੂਰੀ ਕੋਸ਼ਿਸ਼ ਕਰਦੇ ਹਾਂ ਕਿ ਆਪਣੇ ਗਾਹਕਾਂ ਨੂੰ ਬਿਲਕੁਲ ਸਹੀ ਜਗ੍ਹਾ ਉੱਤੇ ਲਾਹਿਆ ਜਾਵੇ, ਪਰ ਕਈ ਵਾਰੀ ਕੁੱਝ ਐਸੀਆਂ ਹਾਲਤਾਂ ਪੈਦਾ ਹੋ ਜਾਂਦੀਆਂ ਹਨ ਜਿੱਥੇ ਬਚਾਓ ਦੇ ਕਾਰਨ, ਰਸਤਾ ਠੀਕ ਨਾ ਹੋਣ ਕਾਰਨ, ਰਸਤੇ ਵਿੱਚ ਕਾਰਾਂ ਖੜੀਆਂ ਹੋਣ ਕਾਰਨ ਜਾਂ ਟਰੈਫ਼ਿਕ ਦੀਆਂ ਪਾਬੰਦੀਆਂ ਕਾਰਨ ਬੱਸ ਸਹੀ ਜਗਾ ਉੱਤੇ ਨਹੀਂ ਜਾ ਸਕਦੀ। ਅਜਿਹਾ ਆਮ ਤੌਰ 'ਤੇ ਵੱਡੇ ਟਾਊਨਾਂ ਅਤੇ ਸਿਟੀ ਸੈਂਟਰਾਂ ਵਿੱਚ ਹੁੰਦਾ ਹੈ। ਇਸੇ ਕਰਕੇ ਸਾਡੀ ਚੈਰਿਟੀ ਸਰਕਾਰ ਪਾਸੋਂ ਮੰਗ ਕਰ ਰਹੀ ਹੈ ਕਿ ਖ਼ਾਸ ਖ਼ਾਸ ਥਾਵਾਂ ਉੱਤੇ ਰਿੰਗ ਐਂਡ ਰਾਈਡ ਬੱਸਾਂ ਵਾਸਤੇ ਅੱਡੇ ਬਣਾਏ ਜਾਣ ਜਿੱਥੇ ਲੋਕਾਂ ਦਾ ਭੈੜੇ ਮੌਸਮ ਤੋਂ ਵੀ ਬਚਾਓ ਹੋ ਸਕੇ।

ਜਦੋਂ ਵੀ ਅਜਿਹੀਆਂ ਸਹੂਲਤਾਂ ਬਣ ਗਈਆਂ ਅਤੇ ਜਿੱਥੇ ਵੀ ਉਹ ਉਪਲਬਧ ਹੋਈਆਂ, ਉਨ੍ਹਾਂ ਬਾਰੇ ਜਾਣਕਾਰੀ ਤੁਹਾਡੇ ਸਫ਼ਰ ਬੁੱਕ ਕਰਨ ਸਮੇਂ ਅਤੇ ਆਮ ਨਿਊਜ਼ਲੈਟਰਾਂ ਵਿੱਚ ਦਿੱਤੀ ਜਾਵੇਗੀ। ਆਮ ਤੌਰ 'ਤੇ ਸਾਡੇ ਡਰਾਈਵਰ ਤੁਹਾਨੂੰ ਤੁਹਾਡੇ ਦਰਵਾਜ਼ੇ ਤੋਂ ਲੈ ਕੇ ਬੱਸ ਚੜ੍ਹਨ ਤੱਕ ਤੁਹਾਡੀ ਮੱਦਦ ਕਰਦੇ ਹਨ।

## ਯਾਤਰੀਆਂ ਦਾ ਬਚਾਓ – ਸਫ਼ਰ ਕਰਨ ਸਮੇਂ ਬਚਾਓ ਦੇ ਸਾਧਨ

- ### ਬੱਸ ਵਿੱਚ ਖੜੇ ਰਹਿਣਾ ਅਤੇ ਸਿਗਰਟ ਪੀਣਾ

ਕਿਸੇ ਵੀ ਯਾਤਰੀ ਨੂੰ ਰਿੰਗ ਐਂਡ ਰਾਈਡ ਬੱਸ ਵਿੱਚ ਖੜ੍ਹ ਕੇ ਸਫ਼ਰ ਕਰਨ ਦੀ ਆਗਿਆ ਨਹੀਂ ਹੈ ਅਤੇ ਸਾਰੇ ਲੋਕਾਂ ਦੇ ਆਰਾਮ ਵਾਸਤੇ ਕੋਈ ਵੀ ਵਿਅਕਤੀ ਬੱਸ ਵਿੱਚ ਸਿਗਰਟ ਨਹੀਂ ਪੀ ਸਕਦਾ।

- ### ਸਫ਼ਰ ਕਰਨ ਸਮੇਂ ਐਕਸੀਡੈਂਟ ਜਾਂ ਬੀਮਾਰ ਹੋ ਜਾਣ ਵੇਲੇ ਕੀ ਕੀਤਾ ਜਾ ਸਕਦਾ ਹੈ?

ਜੇ ਰਿੰਗ ਐਂਡ ਰਾਈਡ ਬੱਸ ਉੱਤੇ ਸਫ਼ਰ ਕਰਦੇ ਸਮੇਂ ਬਦਕਿਸਮਤੀ ਨਾਲ ਤੁਹਾਡੇ ਸੱਟ ਲੱਗ ਜਾਵੇ ਜਾਂ ਤੁਸੀਂ ਬੀਮਾਰ ਹੋ ਜਾਵੋਂ ਤਾਂ ਕਿਰਪਾ ਕਰਕੇ ਡਰਾਈਵਰ ਨੂੰ ਜਲਦੀ ਦੱਸੋ ਤਾਂਕਿ ਉਹ ਤੁਹਾਡੇ ਮਲ੍ਹਮ ਪੱਟੀ ਕਰ ਸਕੇ ਜਾਂ ਹੋਰ ਹਿਦਾਇਤਾਂ ਲਈ ਆਪਣੇ ਡੀਪੂ ਨਾਲ ਗੱਲ ਕਰ ਸਕੇ। ਤੁਹਾਡੇ ਬਚਾਓ ਵਾਸਤੇ ਹਰ ਇੱਕ ਰਿੰਗ ਐਂਡ ਰਾਈਡ ਬੱਸ ਵਿੱਚ ਦੋ–ਤਰਫ਼ਾ ਰੇਡੀਓ ਸਿਸਟਮ ਲੱਗਾ ਹੋਇਆ ਹੁੰਦਾ ਹੈ।

- ### ਕੁੱਤੇ ਅਤੇ ਪਾਲਤੂ ਜੀਵ

ਘੱਟ ਨਜ਼ਰ ਅਤੇ ਘੱਟ ਸੁਣਨ ਵਾਲੇ ਲੋਕਾਂ ਨਾਲ ਜਾਣ ਵਾਲੇ ਗਾਈਡ ਡੌਗ ਬੱਸ ਵਿੱਚ ਲਿਜਾਏ ਜਾ ਸਕਦੇ ਹਨ ਅਤੇ ਉਨ੍ਹਾਂ ਦਾ ਕੋਈ ਕਿਰਾਇਆ ਨਹੀਂ ਲਿਆ ਜਾਂਦਾ। ਪਰ ਬਾਕੀ ਯਾਤਰੀਆਂ ਦੀ ਸਿਹਤ, ਬਚਾਓ ਅਤੇ ਆਰਾਮ ਖ਼ਾਤਰ ਬੱਸ ਵਿੱਚ ਹੋਰ ਪਾਲਤੂ ਕੁੱਤੇ ਜਾਂ ਜੀਵ ਲਿਜਾਣ ਦੀ ਆਗਿਆ ਨਹੀਂ ਹੈ।

- ### ਸਮਾਨ

ਬੱਸ ਵਿੱਚ ਸਮਾਨ/ਸ਼ੌਪਿੰਗ ਬੈਗਾਂ ਦੀ ਮਾਤਰਾ ਲੈ ਕੇ ਜਾਣ ਦੀ ਆਗਿਆ ਡਰਾਈਵਰ ਦੀ ਮਰਜ਼ੀ ਅਨੁਸਾਰ ਹੋ ਸਕਦੀ ਹੈ। ਕਿਰਪਾ ਕਰਕੇ ਇਸ ਗੱਲ ਦਾ ਧਿਆਨ ਰੱਖੋ ਕਿ ਖੁੱਲ੍ਹੇ ਬੈਗ ਅਤੇ ਉਨ੍ਹਾਂ ਵਿੱਚ ਖੁਲ੍ਹਾ ਸਮਾਨ ਕਿਸੇ ਐਕਸੀਡੈਂਟ ਹੋਣ ਦੀ ਸੂਰਤ ਵਿੱਚ ਬਾਕੀ ਯਾਤਰੀਆਂ ਵਾਸਤੇ ਖ਼ਤਰੇ ਦਾ ਕਾਰਨ ਬਣ ਸਕਦੇ ਹਨ, ਇਸ ਲਈ ਬੱਸ ਵਿੱਚ ਉੱਨਾ ਕੁ ਸਮਾਨ ਹੀ ਲੈ ਕੇ ਜਾਓ ਜਿੰਨਾ ਕੁ ਇੱਕ ਆਦਮੀ ਆਸਾਨੀ ਨਾਲ ਲਿਜਾ ਸਕਦਾ ਹੋਵੇ।

- ### ਬੱਸਾਂ ਉੱਤੇ ਵਰਤਾਓ

ਰਿੰਗ ਐਂਡ ਰਾਈਡ ਬੱਸਾਂ ਦੇ ਡਰਾਈਵਰਾਂ ਤੋਂ ਤੁਸੀਂ ਆਪਣੇ ਨਾਲ ਸਦਾ ਹੀ ਮੱਦਦਗਾਰ ਹੋਣ ਅਤੇ ਹਲੀਮੀ ਨਾਲ ਪੇਸ਼ ਆਉਣ ਦੀ ਉਮੀਦ ਕਰ ਸਕਦੇ ਹੋ। ਇਸੇ ਤਰ੍ਹਾਂ ਸੇਵਾ ਵਰਤਣ ਵਾਲੇ ਵੀ ਬਰਾਬਰ ਦੇ ਜ਼ਿੰਮੇਵਾਰ ਹੋਣੇ ਚਾਹੀਦੇ ਹਨ ਤਾਂਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ ਇਨਸਾਨ ਬਚਾਓ ਨਾਲ ਅਤੇ ਸੁਰੱਖਿਅਤ ਤਰੀਕੇ ਨਾਲ ਸਫ਼ਰ ਕਰ ਸਕੇ।

# ਹੋਰ ਜਾਣਕਾਰੀ ਲੈਣਾ ਅਤੇ ਸੇਵਾ ਬਾਰੇ ਆਪਣੇ ਵਿਚਾਰ ਪੇਸ਼ ਕਰਨਾ

ਰਿੰਗ ਐਂਡ ਰਾਈਡ ਸੇਵਾ ਬਾਰੇ ਜਾਣਕਾਰੀ ਹਾਸਲ ਕਰਨ ਲਈ ਅਤੇ ਇਸ ਬਾਰੇ ਟਿੱਪਣੀ ਕਰਨ ਲਈ ਇਸ ਦੇ ਵਰਤਣ ਵਾਲਿਆਂ ਪਾਸ ਕਈ ਤਰੀਕੇ ਮੌਜੂਦ ਹਨ, ਜਿਨ੍ਹਾਂ ਵਿੱਚ ਸ਼ਿਕਾਇਤ ਕਰਨਾ ਅਤੇ ਸੇਵਾ ਦੀ ਸਿਫ਼ਤ ਕਰਨਾ ਵੀ ਸ਼ਾਮਲ ਹਨ।

## • ਰਿੰਗ ਐਂਡ ਰਾਈਡ ਸੇਵਾ ਬਾਰੇ ਆਮ ਜਾਣਕਾਰੀ ਪਰਚੇ

ਇਨ੍ਹਾਂ ਪਰਚਿਆਂ ਵਿੱਚ ਸੇਵਾ ਬਾਰੇ ਆਮ ਜਾਣਕਾਰੀ, ਇਹ ਕਿਵੇਂ ਕੰਮ ਕਰਦੀ ਹੈ ਅਤੇ ਵੱਖੋ ਵੱਖਰੇ ਇਲਾਕਿਆਂ ਵਿੱਚ ਅਤੇ ਇਸ ਦੇ ਹੈੱਡ ਔਫ਼ਿਸ ਵਿੱਚ ਕਿਵੇਂ ਸੰਪਰਕ ਕਰਨਾ ਆਦਿਕ ਬਾਰੇ ਜਾਣਕਾਰੀ ਦਿੱਤੀ ਹੋਈ ਹੁੰਦੀ ਹੈ। ਇਨ੍ਹਾਂ ਵਿੱਚ ਉਨ੍ਹਾਂ ਇਲਾਕਿਆਂ ਦੇ ਨਕਸ਼ੇ ਵੀ ਦਿੱਤੇ ਹੋਏ ਹੁੰਦੇ ਹਨ ਜਿਨ੍ਹਾਂ ਵਿੱਚ ਇਹ ਸੇਵਾ ਦਿੱਤੀ ਜਾਂਦੀ ਹੈ।

## • ਰਿੰਗ ਐਂਡ ਰਾਈਡ ਨਿਊਜ਼ਲੈਟਰ

ਰਿੰਗ ਐਂਡ ਰਾਈਡ ਨਿਊਜ਼ਲੈਟਰ ਸਾਲ ਵਿੱਚ ਦੋ ਵਾਰੀ ਛਾਪਿਆ ਜਾਂਦਾ ਹੈ, ਅਤੇ ਸੇਵਾ ਵਰਤਣ ਵਾਲੇ ਸਾਰੇ ਮੌਜੂਦਾ ਲੋਕਾਂ ਨੂੰ ਡਾਕ ਰਾਹੀਂ ਭੇਜਿਆ ਜਾਂਦਾ ਹੈ। ਇਸ ਵਿੱਚ ਸੇਵਾ ਬਾਰੇ ਖ਼ਬਰਾਂ ਅਤੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ। ਇਸ ਵਿੱਚ ਸੇਵਾ ਵਰਤਣ ਵਾਲੇ ਲੋਕਾਂ ਦੇ ਵਿਚਾਰਾਂ ਦਾ ਵੀ ਸਵਾਗਤ ਕੀਤਾ ਜਾਂਦਾ ਹੈ।

ਇਹ ਨਿਊਜ਼ਲੈਟਰ ਟਾਕਿੰਗ ਨਿਊਜ਼ਪੇਪਰ ਨੈੱਟਵਰਕ ਰਾਹੀਂ ਵੀ ਭੇਜਿਆ ਜਾਂਦਾ ਹੈ।

**ਹੋਰ ਬਣਤਰਾਂ**

*ਇਹ ਬਹੁਤ ਸਾਰੇ ਪਰਚੇ ਵੱਖੋ ਵੱਖਰੀਆਂ ਭਾਈਚਾਰਕ ਬੋੱਲੀਆਂ (ਚੀਨੀ, ਬੰਗਾਲੀ, ਉਰਦੂ, ਹਿੰਦੀ, ਗੁਜਰਾਤੀ, ਪੰਜਾਬੀ ਅਤੇ ਵੀਅਤਨਾਮੀ), ਵੱਡੀ ਛਪਾਈ, ਸੁਣਨ ਵਾਲੀਆਂ ਟੇਪਾਂ ਆਦਿਕ ਉੱਤੇ ਮਿਲ ਸਕਦੇ ਹਨ। ਇਨ੍ਹਾਂ ਬਾਰੇ ਪਤਾ ਕਰਨ ਲਈ 0121 333 3107 ਨੰਬਰ ਉੱਤੇ ਫ਼ੋਨ ਕਰੋ।*

# ਹੋਰ ਜਾਣਕਾਰੀ ਲੈਣਾ ਅਤੇ ਸੇਵਾ ਬਾਰੇ ਆਪਣੇ ਵਿਚਾਰ ਪੇਸ਼ ਕਰਨਾ

## • ਵੈੱਸਟ ਮਿਡਲੈਂਡਜ਼ ਵਿੱਚ ਰਿੰਗ ਐਂਡ ਰਾਈਡ ਸੇਵਾ

ਇਸ ਪਰਚੇ ਵਿੱਚ ਵੈੱਸਟ ਮਿਡਲੈਂਡਜ਼ ਦੀ ਸਪੈਸ਼ਲ ਨੀਡਜ਼ ਚੈਰਿਟੀ ਬਾਰੇ ਅਤੇ 1980 ਦੇ ਦਹਾਕੇ ਤੋਂ ਸ਼ੁਰੂ ਕੀਤੀ ਗਈ ਰਿੰਗ ਐਂਡ ਰਾਈਡ ਸੇਵਾ ਬਾਰੇ ਦੱਸਿਆ ਗਿਆ ਹੈ। ਇਸ ਵਿੱਚ ਇਸ ਸੇਵਾ ਦਾ ਯੂ ਕੇ ਦੇ ਮੈਟਰੋਪੋਲੀਟਨ ਇਲਾਕਿਆਂ ਵਿੱਚ ਚੱਲ ਰਹੀਆਂ ਦੂਸਰੀਆਂ ਸਪੈਸ਼ਲ ਨੀਡਜ਼ ਸੇਵਾਵਾਂ ਨਾਲ ਮੁਕਾਬਲਾ ਕੀਤਾ ਗਿਆ ਹੈ, ਸਟਾਫ਼ ਅਤੇ ਗੱਡੀਆਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਸੇਵਾ ਵਿੱਚ ਲਿਆਉਣ ਤੋਂ ਪਹਿਲਾਂ ਕਿਵੇਂ ਤਿਆਰ ਕੀਤਾ ਜਾਂਦਾ ਹੈ ਦੇ ਨਾਲ ਨਾਲ ਉਸ ਤਰੀਕੇ ਦਾ ਵਿਸਥਾਰ ਵੀ ਦਿੱਤਾ ਗਿਆ ਹੈ ਜਿਸ ਅਨੁਸਾਰ ਲੋਕਾਂ ਦੀਆਂ ਵੱਖੋ ਵੱਖਰੀਆਂ ਲੋੜਾਂ ਪੂਰੀਆਂ ਕਰਨ ਲਈ ਚੈਰਿਟੀ ਆਪਣੇ ਫ਼ੰਡਾਂ ਦੀ ਵਰਤੋਂ ਕਰਦੀ ਹੈ।

## • ਡਿਸਟ੍ਰਿਕਟ ਅਡਵਾਈਜ਼ਰੀ ਗਰੁੱਪ (ਡੀ ਏ ਜੀ)

ਸੇਵਾ ਦੇ ਸਾਰੇ ਖੇਤਰਾਂ ਵਿੱਚ ਸਲਾਹਕਾਰ ਗਰੁੱਪ ਬਣਾਏ ਹੋਏ ਹਨ ਜਿਨ੍ਹਾਂ ਵਿੱਚ ਸੇਵਾਵਾਂ ਵਰਤਣ ਵਾਲਿਆਂ ਅਤੇ ਦੂਸਰੇ ਸੰਬੰਧਤ ਗਰੁੱਪਾਂ (ਜਿਵੇਂ ਕਿ ਏਜ ਕਨਸਰਨ, ਡਿਸੇਬਿਲਿਟੀ ਗਰੁੱਪਾਂ, ਸੋਸ਼ਲ ਸਰਵਿਸਿਜ਼ ਪ੍ਰਤੀਨਿੱਧਾਂ ਆਦਿਕ) ਨੂੰ ਰਿੰਗ ਐਂਡ ਰਾਈਡ ਸੇਵਾਵਾਂ ਬਾਰੇ ਵਿਚਾਰ ਪੇਸ਼ ਕਰਨ ਦਾ ਮੌਕਾ ਮਿਲਦਾ ਹੈ।

ਡਿਸਟ੍ਰਿਕਟ ਅਡਵਾਈਜ਼ਰੀ ਗਰੁੱਪਾਂ ਦੀਆਂ ਹਰ ਇਲਾਕੇ ਵਿੱਚ ਹੋਣ ਵਾਲੀਆਂ ਮੀਟਿੰਗਾਂ ਦੇ ਵੇਰਵੇ ਬੱਸਾਂ ਵਿੱਚ ਲਾਏ ਜਾਂਦੇ ਹਨ। ਸੇਵਾਵਾਂ ਵਰਤਣ ਵਾਲੇ ਮੈਂਬਰ ਮੀਟਿੰਗ ਵਿੱਚ ਸ਼ਾਮਲ ਹੋ ਕੇ ਆਪਣੇ ਅਤੇ ਆਪਣੇ ਦੂਸਰੇ ਸਾਥੀਆਂ ਦੇ ਵਿਚਾਰ ਅਤੇ ਫ਼ਿਕਰ ਦੱਸ ਸਕਦੇ ਹਨ।

ਜੇ ਤੁਸੀਂ ਕੋਈ ਅਜਿਹਾ ਮਸਲਾ ਉਠਾਉਣਾ ਚਾਹੁੰਦੇ ਹੋਵੋਂ ਜਿਹੜਾ ਸਭਨਾ ਨਾਲ ਸੰਬੰਧਤ ਫ਼ਾਇਦਾ ਹੋ ਸਕਦਾ ਹੋਵੇ, ਤਾਂ ਇਹ ਪਤਾ ਕਰਨ ਲਈ ਕਿ ਕਿਹੜੇ ਪ੍ਰਤੀਨਿੱਧ ਨਾਲ ਗੱਲ ਕੀਤੀ ਜਾਵੇ, ਕਿਰਪਾ ਕਰਕੇ ਆਪਣੇ ਇਲਾਕੇ ਦੇ ਦਫ਼ਤਰ ਨਾਲ ਸੰਪਰਕ ਕਰੋ।

ਇਸ ਤੋਂ ਇਲਾਵਾ ਤੁਸੀਂ ਆਪ ਵੀ ਇਸ ਗਰੁੱਪ ਦੇ ਮੈਂਬਰ ਬਣ ਸਕਦੇ ਹੋ। ਇਸ ਦੇ ਵੇਰਵੇ ਵਾਸਤੇ ਆਪਣੇ ਸਥਾਨਕ ਦਫ਼ਤਰ ਨਾਲ ਸੰਪਰਕ ਕਰੋ।

# ਹੋਰ ਜਾਣਕਾਰੀ ਲੈਣਾ ਅਤੇ ਸੇਵਾ ਬਾਰੇ ਆਪਣੇ ਵਿਚਾਰ ਪੇਸ਼ ਕਰਨਾ

## • ਸੈਂਟ੍ਰਲ ਅਡਵਾਈਜ਼ਰੀ ਗਰੁੱਪ (ਸੀ ਏ ਜੀ)

ਸੈਂਟ੍ਰਲ ਅਡਵਾਈਜ਼ਰੀ ਗਰੁੱਪ ਵਿੱਚ ਡਿਸਟ੍ਰਿਕਟ ਅਡਵਾਈਜ਼ਰੀ ਗਰੁੱਪਾਂ ਦੇ ਪ੍ਰਤੀਨਿੱਧ ਹੁੰਦੇ ਹਨ ਜਿਹੜੇ ਚੈਰਿਟੀ ਦੇ ਬੋਰਡ ਔਫ਼ ਟ੍ਰਸਟੀਜ਼ ਦੇ ਵਾਈਸ ਚੇਅਰਮੈਨ ਦੀ ਚੇਅਰਮੈਨਸ਼ਿਪ ਅਧੀਨ ਸਾਰੇ ਸੇਵਾਵਾਂ ਵਰਤਣ ਵਾਲੇ ਲੋਕਾਂ ਉੱਤੇ ਅਸਰ ਕਰਨ ਵਾਲੇ ਮਸਲਿਆਂ ਉੱਤੇ ਵਿਚਾਰ ਕਰਨ ਲਈ ਮੀਟਿੰਗ ਕਰਦੇ ਹਨ।

ਇਸ ਗਰੁੱਪ ਦੇ ਕੁੱਝ ਮੈਂਬਰ ਵੀਹਾਈਕਲ ਡੀਜ਼ਾਈਨ ਗਰੁੱਪ ਵਿੱਚ ਹਿੱਸਾ ਲੈਂਦੇ ਹਨ ਤਾਂਕਿ ਚੈਰਿਟੀ ਵਲੋਂ ਨਵੀਆਂ ਬੱਸਾਂ ਖਰੀਦਣ ਤੋਂ ਪਹਿਲਾਂ ਉਨ੍ਹਾਂ ਦੇ ਡੀਜ਼ਾਈਨ ਅਤੇ ਗਿਣਤੀਆਂ ਮਿਣਤੀਆਂ ਬਾਰੇ ਫ਼ੈਸਲੇ ਕੀਤੇ ਜਾ ਸਕਣ।

## • ਬੋਰਡ ਔਫ਼ ਟ੍ਰਸਟੀਜ਼

ਚੈਰਿਟੀ ਦਾ ਇਹ ਬੋਰਡ ਸਪੈਸ਼ਲ ਨੀਡਜ਼ ਟ੍ਰਾਂਸਪੋਰਟ ਨਾਲ ਸੰਬੰਧਤ ਕਈ ਕਿਸਮਾਂ ਦੇ ਲੋਕਾਂ ਨੂੰ ਮਿਲਾ ਕੇ ਬਣਾਇਆ ਗਿਆ ਹੈ। ਇਸ ਦੇ ਕੁੱਝ ਮੈਂਬਰ ਆਪ ਰਿੰਗ ਐਂਡ ਰਾਈਡ ਸੇਵਾ ਦੇ ਵਰਤਣ ਵਾਲੇ ਹੁੰਦੇ ਹਨ।

## • ਵਧੀਆ ਸੇਵਾ ਦੀ ਨਿਗਰਾਨੀ ਰੱਖਣਾ

ਸੇਵਾ ਦੀ ਕਿਸਮ ਦਾ ਪਤਾ ਕਰਨ ਲਈ ਸੇਵਾ ਦੇ ਕੁੱਝ ਤਾਜ਼ਾ ਵਰਤਣ ਵਾਲੇ ਲੋਕਾਂ ਨਾਲ ਟੈਲੀਫ਼ੋਨ ਰਾਹੀਂ ਸੰਪਰਕ ਕਰਕੇ ਪੁੱਛਿਆ ਜਾਂਦਾ ਹੈ। ਇਨ੍ਹਾਂ ਸਰਵਿਆਂ ਵਿੱਚ ਸੇਵਾ ਦੇ ਬੁਕਿੰਗ ਸਿਸਟਮ, ਬੱਸਾਂ ਦੇ ਆਰਾਮਦਾਇਕ ਹੋਣ, ਬੱਸਾਂ ਦੇ ਸਮੇਂ ਸਿਰ ਚੱਲਣ ਅਤੇ ਸਟਾਫ਼ ਦੀ ਹਲੀਮੀ ਬਾਰੇ ਸਵਾਲ ਪੁੱਛੇ ਜਾਂਦੇ ਹਨ।

# ਹੋਰ ਜਾਣਕਾਰੀ ਲੈਣਾ ਅਤੇ ਸੇਵਾ ਬਾਰੇ ਆਪਣੇ ਵਿਚਾਰ ਪੇਸ਼ ਕਰਨਾ

- ## ਇੰਟਰਨੈੱਟ

ਚੈਰਿਟੀ ਦੀ ਵੈੱਬਸਾਈਟ *www.ringandride.org* ਪਤੇ ਉੱਤੇ ਲੱਭੀ ਜਾ ਸਕਦੀ ਹੈ, ਅਤੇ ਇਸ ਉੱਤੇ ਜ਼ਰੂਰੀ ਜਾਣਕਾਰੀ, ਸੰਪਰਕ ਕਰਨ ਲਈ ਪਤੇ ਅਤੇ ਨਵੇਂ ਨਿਊਜ਼ਲੈਟਰ ਦੇਖੇ ਜਾ ਸਕਦੇ ਹਨ। ਹੈੱਡ ਔਫ਼ਿਸ ਨੂੰ ਇਸ ਪਤੇ ਉੱਤੇ ਈ ਮੇਲ ਵੀ ਭੇਜੀ ਜਾ ਸਕਦੀ ਹੈ: *enquiries@ringandride.org*

- ## ਪੁੱਛ ਪੜਤਾਲ, ਸ਼ਿਕਾਇਤਾਂ ਅਤੇ ਸਿਫ਼ਤਾਂ

ਜੇ ਤੁਸੀਂ ਇਸ ਸੇਵਾ ਬਾਰੇ ਕੋਈ ਸ਼ਿਕਾਇਤ ਕਰਨੀ ਚਾਹੁੰਦੇ ਹੋਵੋ, ਜਾਂ ਚੰਗੀ ਸੇਵਾ ਵੱਲ ਲੋਕਾਂ ਦਾ ਧਿਆਨ ਖਿੱਚਣਾ ਚਾਹੋ, ਜਾਂ ਰਿੰਗ ਐਂਡ ਰਾਈਡ ਦੇ ਪ੍ਰਬੰਧ ਬਾਰੇ ਕੋਈ ਸੁਝਾਓ ਦੇਣਾ ਚਾਹੁੰਦੇ ਹੋਵੋ ਤਾਂ ਤੁਹਾਡਾ ਪਹਿਲਾ ਸੰਪਰਕ ਉਸ ਡੀਪੂ ਦਾ ਮੈਨੇਜਰ ਹੋਣਾ ਚਾਹੀਦਾ ਹੈ ਜਿਹੜਾ ਤੁਹਾਡੇ ਇਲਾਕੇ ਵਿੱਚ ਬੱਸਾਂ ਚਲਾਉਂਦਾ ਹੈ। ਉਨ੍ਹਾਂ ਦੇ ਟੈਲੀਫ਼ੋਨ ਨੰਬਰ ਸਫ਼ਾ 27 ਉੱਤੇ ਦਿੱਤੇ ਗਏ ਹਨ।

ਜੇ ਤੁਸੀਂ ਕਿਸੇ ਖ਼ਾਸ ਘਟਨਾ ਬਾਰੇ ਟੈਲੀਫ਼ੋਨ ਕਰਨਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਘਟਨਾ ਵਾਪਰਨ ਦੇ ਸਮੇਂ, ਜਗਾ, ਤਰੀਕ ਅਤੇ ਬਾਕੀ ਵੇਰਵਾ ਆਪਣੇ ਕੋਲ ਰੱਖੋ ਤਾਂ ਕਿ ਇਸ ਬਾਰੇ ਛਾਣਬੀਣ ਜਲਦੀ ਕੀਤੀ ਜਾ ਸਕੇ। ਸਾਰੀਆਂ ਸ਼ਿਕਾਇਤਾਂ ਗੁਪਤ ਰੱਖੀਆਂ ਜਾਂਦੀਆਂ ਹਨ।

ਹੇਠਾਂ ਲਿਖੇ ਮਹਿਕਮਿਆਂ ਨਾਲ ਸੰਪਰਕ ਕਰਨ ਲਈ ਟੈਲੀਫ਼ੋਨ ਨੰਬਰ ਇਹ ਹੈ:

**0121 333 3107**

*ਪਰਸਨੈੱਲ ਡੀਪਾਰਟਮੈਂਟ (ਟਰੇਨਿੰਗ ਡੀਪਾਰਟਮੈਂਟ ਸਮੇਤ), ਇੰਸ਼ਿਉਰੈਂਸ ਮੈਟਰਜ਼/ਐਕਸੀਡੈਂਟ, ਫ਼ਲੀਟ ਮੈਨੇਜਮੈਂਟ, ਫ਼ਾਈਨੈਂਸ ਡੀਪਾਰਟਮੈਂਟ, ਡੀਵੈੱਲਪਮੈਂਟ ਮੈਨੇਜਰ, ਔਫ਼ਿਸ ਔਫ ਦੀ ਓਪਰੇਸ਼ਨ ਮੈਨੇਜਰ, ਔਫ਼ਿਸ ਔਫ ਦੀ ਚੀਫ਼ ਐਗਜ਼ੈਕਟਿਵ।*

## ਹੋਰ ਜਾਣਕਾਰੀ ਲੈਣਾ ਅਤੇ ਸੇਵਾ ਬਾਰੇ ਆਪਣੇ ਵਿਚਾਰ ਪੇਸ਼ ਕਰਨਾ

- **ਉੱਤਰੀ ਬਰਮਿੰਘਮ**
  ਟੈਲੀਫ਼ੋਨ ਨੰ: 0121 333 3108

- **ਪੂਰਬੀ ਬਰਮਿੰਘਮ ਅਤੇ ਸੋਲਿਹੱਲ (ਟੈਕਸੀਬੱਸ ਸਮੇਤ)**
  ਟੈਲੀਫ਼ੋਨ ਨੰ: 0121 784 6644

- **ਦੱਖਣੀ ਬਰਮਿੰਘਮ**
  ਟੈਲੀਫ਼ੋਨ ਨੰ: 0121 486 2663

- **ਕਵੈਂਟਰੀ**
  ਟੈਲੀਫ਼ੋਨ: 02476 602177

- **ਡਡਲੀ**
  ਟੈਲੀਫ਼ੋਨ: 0121 567 3000

- **ਸੈਂਡਵੈੱਲ**
  ਟੈਲੀਫ਼ੋਨ: 0121 567 3000

- **ਵੁਲਵਰਹੈਂਪਟਨ**
  ਟੈਲੀਫ਼ੋਨ: 01902 421515

- **ਵਾਲਸਾਲ**
  ਟੈਲੀਫ਼ੋਨ: 01922 402232

- **ਉੱਚਾ ਸੁਣਨ ਵਾਲੇ ਲੋਕਾਂ ਲਈ ਮਿਨੀਕਮ ਸਹੂਲਤ**
  (ਸਾਰੇ ਇਲਾਕਿਆਂ ਵਾਸਤੇ)
  ਟੈਲੀਫ਼ੋਨ: 0121 359 0593

# ਰਿਆਇਤੀ ਪਾਸਾਂ ਬਾਰੇ ਜਾਣਕਾਰੀ

ਜੇ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਵੈੱਸਟ ਮਿਡਲੈਂਡਜ਼ ਵਿੱਚ ਬੱਸਾਂ, ਰੇਲਾਂ ਅਤੇ ਮੈੱਟਰੋ ਵਿੱਚ ਸਫ਼ਰ ਕਰਨ ਲਈ ਰਿਟਾਇਰ ਹੋਏ ਲੋਕਾਂ, ਜਾਂ ਅੰਨ੍ਹੇ/ਅਪਾਹਜ ਲੋਕਾਂ ਲਈ ਮਿਲਣ ਵਾਲਾ ਰਿਆਇਤੀ ਪਾਸ ਮਿਲਣਾ ਚਾਹੀਦਾ ਹੈ ਤਾਂ ਇਸ ਬਾਰੇ ਹੋਰ ਜਾਣਕਾਰੀ ਲੈਣ ਲਈ 0121 200 2787 ਨੰਬਰ ਉੱਤੇ ਫ਼ੋਨ ਕਰੋ।

ਅੱਜ ਕੱਲ ਹੇਠਾਂ ਲਿਖੇ ਲੋਕ ਇਸ ਦੇ ਹੱਕਦਾਰ ਹਨ:

- 60 ਤੋਂ 65 ਸਾਲ (ਜਿਹੜੇ 31 ਮਾਰਚ 1943 ਤੋਂ ਬਾਅਦ ਪੈਦਾ ਹੋਏ ਹੋਣ) ਵਿਚਕਾਰ ਦੀ ਉਮਰ ਦੇ ਮਰਦਾਂ ਅਤੇ ਔਰਤਾਂ ਲਈ ਬੱਸਾਂ ਵਿੱਚ ਸਫ਼ਰ ਕਰਨ ਲਈ

  ***ਅੱਧੇ ਕਿਰਾਏ ਦੇ ਪਾਸ***

- 60 ਤੋਂ 65 ਸਾਲ (ਜਿਹੜੇ 31 ਮਾਰਚ 1943 ਤੋਂ ਪਹਿਲਾਂ ਪੈਦਾ ਹੋਏ ਹੋਣ) ਵਿਚਕਾਰ ਅਤੇ 65 ਸਾਲ ਤੋਂ ਵੱਧ ਉਮਰ ਵਾਲੇ ਮਰਦਾਂ ਅਤੇ ਔਰਤਾਂ ਲਈ ਬੱਸਾਂ ਵਿੱਚ ਸਫ਼ਰ ਕਰਨ ਲਈ

  ***ਮੁਫ਼ਤ ਪਾਸ***

- ਰੀਟਾਇਰਮੈਂਟ ਉਮਰ ਤੋਂ ਘੱਟ ਵਾਲੇ ਉਨ੍ਹਾਂ ਮਰਦਾਂ ਅਤੇ ਔਰਤਾਂ ਲਈ ਪਾਸ ਜਿਹੜੇ ਨੇਤਰਹੀਣ ਜਾਂ ਅਪਾਹਜ ਹੋਣ ਦੀਆਂ ਨਿਰਧਾਰਤ ਸ਼ਰਤਾਂ ਪੂਰੀਆਂ ਕਰਦੇ ਹੋਣ:

  ***ਘੱਟੋ ਘੱਟ ਅੱਧੇ ਕਿਰਾਏ ਦੇ ਪਾਸ***

(ਇਨ੍ਹਾਂ ਪਾਸਾਂ ਨੂੰ ਕਿਸੇ ਕਿਸੇ ਅਥੌਰਿਟੀ ਵਲੋਂ ਕੁੱਝ ਹੋਰ ਪੈਸੇ ਲੈ ਕੇ ਪੂਰਾ ਕਿਰਾਇਆ ਮਾਫ਼ ਕਰਨ ਲਈ ਬਦਲਿਆ ਜਾ ਸਕਦਾ ਹੈ)

# ਹੋਰ ਜਾਣਕਾਰੀ

- **ਬਾਕੀ ਪਬਲਿਕ ਟ੍ਰਾਂਸਪੋਰਟ ਸੇਵਾਵਾਂ ਬਾਰੇ ਜਾਣਕਾਰੀ**

ਵੈੱਸਟ ਮਿਡਲੈਂਡਜ਼ ਪੈਸੰਜਰ ਟ੍ਰਾਂਸਪੋਰਟ ਐਗਜ਼ੈਕਟਿਵ (ਸੈਂਟਰੋ) ਇੱਕ ਕਿਤਾਬਚਾ ਛਾਪਦੀ ਹੈ ਜਿਸ ਦਾ ਨਾਂ ਹੈ, "ਵੈੱਸਟ ਮਿਡਲੈਂਡਜ਼ ਵਿੱਚ ਇੱਧਰ ਉੱਧਰ ਜਾਣਾ।" ਇਸ ਵਿੱਚ ਤੁਰਨ ਫ਼ਿਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਲਈ ਸਲਾਹ ਅਤੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ।

ਇਸ ਵਿੱਚ ਆਮ ਬੱਸਾਂ ਅਤੇ ਰੇਲ ਕੰਪਨੀਆਂ ਅਤੇ ਉਨ੍ਹਾਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ, ਮਿਡਲੈਂਡ ਮੈੱਟਰੋ, ਰਿਆਇਤੀ ਕਿਰਾਏ, ਟੈਕਸੀਆਂ ਅਤੇ ਪ੍ਰਾਈਵੇਟ ਹਾਇਰ ਸੇਵਾਵਾਂ ਨਾਲ ਸੰਪਰਕ ਕਰਨ ਦੇ ਟੈਲੀਫ਼ੋਨ ਨੰਬਰ/ਪਤੇ ਅਤੇ ਸਾਰੇ ਇਲਾਕੇ ਵਿੱਚ ਟੋਇਲਿਟ ਦੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਹੋਈ ਹੁੰਦੀ ਹੈ। ਇਸ ਦੀ ਇੱਕ ਕਾਪੀ ਸੈਂਟਰੋ ਇਨਫ਼ਰਮੇਸ਼ਨ ਔਫ਼ਿਸਾਂ ਤੋਂ, ਜਾਂ 0121 200 2787 ਨੰਬਰ ਉੱਤੇ ਫ਼ੋਨ ਕਰਕੇ, ਜਾਂ ਨੰਬਰ 0121 214 7777 ਉੱਤੇ ਮਿਨੀਕਮ ਨੂੰ ਫ਼ੋਨ ਕਰਕੇ ਹਾਸਲ ਕੀਤੀ ਜਾ ਸਕਦੀ ਹੈ। ਇਸ ਬਾਰੇ ਹੋਰ ਵੇਰਵੇ ਸੈਂਟਰੋ ਦੀ ਇੰਟਰਨੈੱਟ ਸਾਈਟ www.centro.org.uk ਤੋਂ ਮਿਲ ਸਕਦੇ ਹਨ।

ਤੁਸੀਂ ਆਮ ਬੱਸਾਂ ਅਤੇ ਰੇਲਾਂ ਦੇ ਚੱਲਣ ਦੇ ਸਮਿਆਂ ਅਤੇ ਕਿਰਾਇਆਂ ਦਾ ਪਤਾ ਕਰਨ ਲਈ ਕ੍ਰਿਸਮਸ ਵਾਲੇ ਦਿਨ ਨੂੰ ਛੱਡ ਕੇ ਸਾਲ ਦੇ ਕਿਸੇ ਵੀ ਦਿਨ ਸਵੇਰੇ 7 ਵਜੇ ਤੋਂ ਲੈਕੇ ਰਾਤ 10.30 ਵਜੇ ਤੱਕ 0121 200 2700 ਨੰਬਰ ਉੱਤੇ ਸੈਂਟਰੋ ਹੌਟਲਾਈਨ ਨੂੰ ਫ਼ੋਨ ਕਰ ਸਕਦੇ ਹੋ।

# ਚੈਰਿਟੀ ਦੇ ਕੰਮ ਦੀ ਮਸ਼ਹੂਰੀ ਕਰਨਾ

ਭਾਵੇਂ ਵੈੱਸਟ ਮਿਡਲੈਂਡਜ਼ ਵਿੱਚ ਰਿੰਗ ਐਂਡ ਰਾਈਡ ਸੇਵਾ ਦੇਸ਼ ਭਰ ਵਿੱਚ ਸਭ ਤੋਂ ਵੱਡੀ ਸੇਵਾ ਹੈ, ਪਰ ਫ਼ੇਰ ਵੀ ਸਾਨੂੰ ਪਤਾ ਹੈ ਕਿ ਇਸ ਦੀ ਕਾਫ਼ੀ ਲੋੜ ਹੈ, ਅਤੇ ਇਹ ਲੋੜ ਵਧਦੀ ਜਾ ਰਹੀ ਹੈ।

ਸਾਡੇ ਕੋਲ ਇਸ ਵੇਲੇ ਇੰਨੀਆਂ ਕੁ ਸਹੂਲਤਾਂ ਹਨ ਕਿ ਅਸੀਂ ਇੱਕ ਔਸਤ ਸਰਗਰਮ ਇਨਸਾਨ ਨੂੰ ਪੰਦਰਾਂ ਦਿਨਾਂ ਵਿੱਚ ਇੱਕ ਵਾਰੀ ਕਿਤੇ ਵੀ ਜਾਣ ਅਤੇ ਆਉਣ ਦੀ ਸੇਵਾ ਦੇ ਸਕਦੇ ਹਾਂ। ਚੈਰਿਟੀ ਸਮਝਦੀ ਹੈ ਕਿ ਸੇਵਾ ਵਰਤਣ ਵਾਲੇ ਲੋਕਾਂ ਦੀਆਂ ਲੋੜਾਂ ਦੇ ਮੁਕਾਬਲੇ ਇਹ ਕਾਫ਼ੀ ਨਹੀਂ ਹੈ।

ਇਸ ਲਈ ਅਸੀਂ ਕੇਂਦਰੀ ਸਰਕਾਰ ਅਤੇ ਸਥਾਨਕ ਪੈਸੰਜਰ ਟ੍ਰਾਂਸਪੋਰਟ ਅਥੌਰਿਟੀ ਐਂਡ ਐਗਜ਼ੈਕਟਿਵ (ਸੈਂਟਰੋ) ਨੂੰ ਪ੍ਰੇਰਨ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਤੁਰਨ ਫ਼ਿਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਾਡੀ ਸੇਵਾ ਉੱਤੇ ਹੋਰ ਫ਼ੰਡ ਖ਼ਰਚ ਕਰਕੇ ਇਸ ਵਿੱਚ ਵਾਧਾ ਕਰਨ ਦੀ ਲੋੜ ਹੈ – ਇਸ ਦੀ ਖ਼ਾਸ ਕਰਕੇ ਇਸ ਕਾਰਨ ਵੀ ਲੋੜ ਹੈ ਕਿਉਂਕਿ ਹੁਣ ਪਹਿਲਾਂ ਨਾਲੋਂ ਵੱਧ ਲੋਕ ਲੰਬੀ ਉਮਰ ਭੋਗਦੇ ਹਨ।

ਜੇ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ ਤਾਂ ਕਿਰਪਾ ਕਰਕੇ ਸਾਡੇ ਡਿਸਟ੍ਰਿਕਟ ਅਡਵਾਈਜ਼ਰੀ ਗਰੁੱਪ ਵਿੱਚ ਸ਼ਾਮਲ ਹੋ ਕੇ, ਜਾਂ ਚੈਰਿਟੀ ਨੂੰ ਚਿੱਠੀ ਲਿਖ ਕੇ, ਜਾਂ ਸਥਾਨਕ ਕਾਉਂਸਿਲਰ ਅਤੇ ਪਾਰਲੀਮੈਂਟ ਦੇ ਮੈਂਬਰ ਨੂੰ ਚਿੱਠੀ ਲਿਖ ਕੇ ਆਪਣੇ ਵਿਚਾਰ ਦੱਸੋ।

ਇਸ ਬਾਰੇ ਸਥਾਨਕ ਅਖ਼ਬਾਰਾਂ ਅਤੇ ਟੈਲੀਵੀਯਨ ਕੰਪਨੀਆਂ ਨੂੰ ਵੀ ਦੱਸਣ ਦੀ ਲੋੜ ਹੈ ਕਿ ਕਿਤੇ ਆਉਣ ਜਾਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲੇ ਅਪਾਹਜ ਲੋਕਾਂ ਦੀਆਂ ਕੀ ਲੋੜਾਂ ਹਨ। ਸੋ ਜੇ ਤੁਹਾਨੂੰ ਰਿੰਗ ਐਂਡ ਰਾਈਡ ਤੋਂ ਵਧੀਆ ਸੇਵਾ ਮਿਲਦੀ ਹੈ ਤਾਂ ਕਿਰਪਾ ਕਰਕੇ ਇਸ ਬਾਰੇ ਉਨ੍ਹਾਂ ਨੂੰ ਦੱਸੋ।

ਸਾਡੇ ਨਾਲ ਚਿੱਠੀ ਪੱਤਰ ਕਰਨ ਲਈ ਸਾਡਾ ਪਤਾ ਹੈ:

*West Midlands Special Needs Transport,*
*218-220 Windsor Street,*
*Birmingham. B7 4NE*
*(Tel: 0121 333 3107)*

***Ring and Ride***

***ਰਿੰਗ ਐਂਡ ਰਾਈਡ***

**West Midlands Special Needs Transport**

ਰਜਿਸਟ੍ਰਡ ਚੈਰਿਟੀ ਨੰ: **700370**

ਈਮੇਲ: **enquiries@ringandride.org** ਵੈੱਬਸਾਈਟ: **www.ringandride.org**